


"ਅਕਲਾਂ ਦਾ ਮੌਸਮ" ਦੀ ਕਵਿਤਾ ਨਾ ਕੇਵਲ ਸਮਕਾਲੀ ਸਮਾਜ ਦੇ ਯਥਾਰਥ ਨਾਲ ਹੀ ਸੰਬੰਧਤ ਹੈ ਸਗੋਂ ਇਹ ਪੰਜਾਬੀ ਕਵਿਤਾ ਦੀ ਲੰਮੀ, ਲਗ-ਭਗ ਇੱਕ ਹਜ਼ਾਰ ਸਾਲ ਦੀ ਪਰੰਪਰਾ ਨਾਲ ਵੀ ਜੁੜੀ ਹੋਈ ਹੈ। ਜਿਸ ਤਰ੍ਹਾਂ ਦੀਆਂ ਉੱਚ-ਕੋਟੀ ਦੀਆਂ ਟਿੱਪਣੀਆਂ ਦੁਆਰਾ ਸਾਡੇ ਵਡੇਰੇ ਕਵੀਆਂ ਨੇ ਜੀਵਨ-ਗਤੀ ਨੂੰ ਸਿੱਧੇ ਰਾਹ ਪਾਉਣ ਦਾ ਵਡ-ਮੁੱਲਾ ਯਤਨ ਕੀਤਾ ਹੈ ਉਸੇ ਤਰ੍ਹਾਂ ਕਵੀ ਕਾਲੜਾ ਆਪਣੇ ਸਮੇਂ ਦੀ ਜੀਵਨ-ਗਤੀ ਨੂੰ ਸਾਰਥਕ ਸੇਧ ਦੇਣ ਦਾ ਯਤਨ ਕਰ ਰਿਹਾ ਹੈ। ਸੱਚ ਤਾਂ ਇਹ ਹੈ ਕਿ ਵਾਰਤਮਾਨ ਸਮਾਜ ਦੀਆਂ ਉਲਾਰੂ ਤੇ ਮਾਰੂ ਪ੍ਰਵਿਰਤੀਆਂ ਵੇਖ ਕੇ ਕਵੀ ਦਾ ਦਿਲ ਵਲੂੰਧਰਿਆ ਗਿਆ ਹੈ ਅਤੇ ਉਸ ਦੇ ਭਵਿੱਖ ਬਾਰੇ ਬਣਾਏ ਗਏ ਸੁਪਨੇ ਤੇ ਆਦਰਸ਼ ਚਿਕਨਾਚੂਰ ਹੋ ਰਹੇ ਹਨ। ਉਸੇ ਸ਼ਿੱਦਤ ਨਾਲ ਉਹ ਸਮਾਜ ਦੀ ਸਮੁੱਚੀ ਨੁਹਾਰ ਨੂੰ ਬਦਲ ਦੇਣ ਦੇ ਆਹਰ ਵਿੱਚ ਹੈ। ਇਹੋ ਹੀ ਕਿਸੇ ਸੱਚੇ-ਸੁੱਚੇ ਕਲਾਕਾਰ ਦਾ ਆਦਰਸ਼ਕ ਧਰਮ ਹੁੰਦਾ ਹੈ। ਕਵਿਤਾ ਕੋਈ ਬਾਹਰੀ ਪ੍ਰਪੰਚ ਜਾ ਸ਼ਾਬਦਕ ਅਡੰਬਰ ਨਹੀਂ ਹੁੰਦਾ, ਸਗੋਂ ਉਸ ਦਾ ਮੁੱਖ ਕਰਮ-ਧਰਮ ਜਾਂ ਕਰਤੱਵ ਇਹੋ ਹੀ ਬਣਦਾ ਹੈ ਕਿ ਉਸ ਦੀ ਰਚਨਾ ਵਿੱਚੋਂ ਪਾਠਕ ਜਾਂ ਸਰੋਤੇ ਅਜੇਹੀ ਸੇਧ ਪ੍ਰਾਪਤ ਕਰ ਸਕਣ। ਤਦੇ ਉਹ ਰਚਨਾ "ਸੱਚ ਸੁਣਾਏਸੀ ਸੱਚ ਕੀ ਬੇਲਾ" ਬਣਦੀ ਹੈ। ਅਕਲਾਂ ਦਾ ਮੌਸਿਮ ਗੀਤ ਵਿੱਚ ਜਜ਼ਬੇ ਉੱਤੇ ਅਕਲ ਅਤੇ ਜੋਸ਼ ਉੱਤੇ ਹੋਸ਼ ਦੀ ਸਰਦਾਰੀ ਕਵੀ ਲੋਚਦਾ ਹੈ। ਭਾਈ ਵੀਰ ਸਿੰਘ ਹੋਸ਼ਾਂ ਨਾਲੋਂ ਮਸਿਤੀ ਨੂੰ ਚੰਗਾ ਸਮਝਦਾ ਹੈ। ਪਰ ਕਾਲੜਾ ਜੋਸ਼ ਨਾਲੋਂ ਹੋਸ਼ ਦੀ ਮੰਗ ਕਰਦਾ ਹੈ। ਭਾਈ ਵੀਰ ਸਿੰਘ ਰਹੱਸਵਾਦੀ ਹੈ ਤੇ ਕਾਲੜਾ ਵਿਵੇਕਵਾਦੀ। ਵਿਸ਼ੇ ਪੱਖ ਤੋਂ ਕਵੀ ਕਾਲੜਾ ਦੀ ਕਵਿਤਾ ਵਰਤਮਾਨ ਭਾਰਤੀ ਸਮਾਜ ਦੀ ਸੰਕਟ-ਗ੍ਰਸਤ ਅਵਸਥਾ ਉੱਤੇ ਝਾਤ ਪਵਾਉਂਦੀ ਹੈ। ਕਵੀ ਦੀ ਆਪਣੀ ਦ੍ਰਿਸ਼ਟੀ ਇਸ ਨਿੱਗਰੀ ਦਸ਼ਾ ਤੇ ਦਿਸ਼ਾ ਨੂੰ ਮੁੱਖ ਰੱਖ ਕੇ ਸਮਾਜ ਨੂੰ ਕੁਝ ਸਪਸ਼ਟ ਸੇਧ ਦੇਣ ਵਿਚ ਸਫਲ ਹੋਈ ਹੈ।

–ਕਿਰਪਾਲ ਸਿੰਘ ਕਸੇਲ (ਪ੍ਰੋ.)
ਆਜੀਵਨ ਫੈਲੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ISBN: 978-81-907892-0-2

# ਅਕ਼ਲਾਂ ਦਾ ਮੌਸਿਮ

(ਕਾਵਿ-ਸੰਗ੍ਰਹਿ)

**ਕਰਤਾਰ ਸਿੰਘ ਕਾਲੜਾ**

ਪ੍ਰਤੀਕ ਪਬਲੀਕੇਸ਼ਨਜ, ਪਟਿਆਲਾ



**AQLAN DA MAUSIM !**
**PUNJABI POETRY**
**BY KARTAR SINGH KALRA**

ਅਕ਼ਲਾਂ ਦਾ ਮੌਸਿਮ !
ਪੰਜਾਬੀ ਕਾਵਿ-ਸੰਗ੍ਰਹਿ
@ ਕਰਤਾਰਸਿੰਘ ਕਾਲੜਾ
ਐਮ.ਏ., ਪੀ.ਈ.ਐਸ.1
ਸੇਵਾ- ਮੁਕਤ ਡਿਪਟੀ ਡੀ. ਪੀ. ਆਈ. (ਸ) ਪੰਜਾਬ

*** 29 Watervale Bvd.**
**Taylors Hill-3037**
**Victoria (AUSTRALIA)**
* 224, ਪਾਂਡੂਸਰ, ਨਾਭਾ-147201
ਪੰਜਾਬ (ਇੰਡੀਆ)

ਪਹਿਲੀ ਵਾਰ-2009

ਮੁੱਲ:

ਪ੍ਰਕਾਸ਼ਕ : ਪ੍ਰਤੀਕ ਪਬਲੀਕੇਸ਼ਨਜ਼,
718, ਰਣਜੀਤ ਨਗਰ-ਏ,
ਪਟਿਆਲਾ।
ਫੋਨ: 0175-5006463

ਲੇਜ਼ਰ ਸੈਟਿੰਗ- ਸ਼ਬਦ ਕੰਪਿਊਟਰਜ਼, (ਦੁੱਧੜ) ਪਟਿਆਲਾ
ਮੋਬਾਇਲ ਨੰ: 99140-04502
**E-mail :** **raj_kumar15aug@yahoo.com**

ਛਾਪਕ : ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈੱਸ, ਪਟਿਆਲਾ

ਵਿਦਵਤਾ ਦੇ ਪੁੰਜ
ਪ੍ਰੋ. ਪ੍ਰੀਤਮ ਸਿੰਘ (ਪਟਿਆਲਾ)
ਪ੍ਰੋ. ਮੁਹਿੰਦਰ ਸਿੰਘ ਚੀਮਾਂ (ਲੁਧਿਆਣਾ)
ਦੀਆਂ
ਮਿੱਠੀਆਂ ਤੇ ਪਿਆਰੀਆਂ
ਯਾਦਾਂ ਨੂੰ।

ਐ
ਰੌਸ਼ਨੀ-ਇ-ਤਬਅ
ਤੂ
ਬਰ-ਮਨ ਬੱਲ਼ਾ ਸ਼ੁਦੀ !
ਰੇ
ਅਕਲ ਦੀ ਬਾਰੀਕੀ
ਤੂੰ
ਮੁਸੀਬਤ ਬਣੀ ਰਹੀ।



## ਕਾਲੜਾ ਰਚਨਾਵਲੀ

ਕਾਵਿ ਸੰਗ੍ਰਹਿ :
- ਚਾਨਣ ਦੀ ਰਖਵਾਲੀ
- ਚਾਨਣ ਦਾ ਹੋਕਾ
- ਕਾਤਰਾਂ ਚਾਨਣ ਦੀਆਂ
- ਅਕ਼ਲਾਂ ਦਾ ਮੌਸਮ

ਗ਼ਜ਼ਲ ਸੰਗ੍ਰਹਿ:
- ਚਾਨਣ ਦੇ ਵਣਜਾਰੇ
- ਚਾਨਣ ਦੇ ਪੰਧ
- ਚਾਨਣ ਦੀ ਮਹਿਕ
- ਚਾਨਣ ਦੇ ਰੰਗ
- ਚਾਨਣ ਦਾ ਪੁਲ
- ਚਾਨਣ ਚਾਨਣ ਮੈਂ !

ਉਰਦੂ-ਗ਼ਜ਼ਲ :

ਗੁਰਮੁਖੀ-ਸ਼ਾਹ ਮੁਖੀ ਲਿਪੀਆਂ ਵਿਚ
- ਚਾਨਣ ਦਾ ਪੁਲ !

ਸਟੇਜੀ ਕਵਿਤਾ :

ਸਿੱਖ ਇਤਿਹਾਸ ਨਾਲ ਸੰਬੰਧਿਤ
- ਸਭ ਕਿਛੁ ਹੋਤ ਉਪਾਇ
- ਪਰਚਾ ਸ਼ਬਦ ਦਾ

ਬਾਲ ਕਾਵਿ :
- ਰੱਬਾ ਰੱਬਾ ਮੀਂਹ ਵਸਾ

ਆਲੋਚਨਾ :
- ਸਮਕਾਲੀ ਪੰਜਾਬੀ ਗ਼ਜ਼ਲ

ਸੰਪਾਦਨ : ਡਾ. ਆਤਮ ਹਮਰਾਹੀ ਇਕ ਪਹਿਚਾਣ
- ਮੁਲਾਂਕਣ
- ਅਰਸ਼ਲੀਨ-ਪ੍ਰਿੰ. ਸੁਰਜੀਤ ਸਿੰਘ ਭਾਟੀਆ ਅਭਿਨੰਦਨ

ਗ੍ਰੰਥ

ਵਾਰਤਕ :
- ਪੈਰਾਂ ਦੀ ਪਰਵਾਜ਼ (ਸ੍ਵੈ-ਜੀਵਨੀ)

# ਦੋ ਸ਼ਬਦ

'ਅਕ਼ਲਾਂ ਦਾ ਮੌਸਿਮ' ਕਵੀ ਦੀ ਪਰੌਢ-ਰਚਨਾ ਹੈ, ਜਿਸ ਨੂੰ ਪ੍ਰਬੁੱਧ ਕਾਵਿ ਦੀ ਸੰਗਿਆ ਵੀ ਦਿੱਤੀ ਜਾ ਸਕਦੀ ਹੈ। ਕਵੀ ਦੀ ਰਚਨਾ ਦਾ ਵਿਸ਼ੇਸ਼ ਗੁਣ ਇਸ ਦੀ ਕਲਾਸਕੀ ਨੁਹਾਰ, ਸੰਜਮ, ਸੁਹਜ ਅਤੇ ਉਤਕ੍ਰਿਸ਼ਟਤਾ, ਨਿਰਣੇਜਨਕ ਪਰਿਣਾਮਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਸਾਰਥਕਤਾ, ਸਮ-ਸਾਮਿਅਕਤਾ ਅਤੇ ਭਵਿੱਖ-ਅਰਥੀ ਪਹੁੰਚ ਵਾਲੀ ਹੈ, ਜਿਸ ਵਿਚੋਂ ਜੁਗ ਅਨੁਕੂਲਤਾ ਅਤੇ ਸਮਕਾਲੀ ਮਾਨਵੀ ਕਦਰਾਂ-ਕੀਮਤਾਂ ਦੀ ਵਰਤਮਾਨ ਕਾਵਿ ਵਿਚ ਠੀਕ ਪਹਿਚਾਣ ਵਿਚ ਨਿਹਿਤ ਹੈ। ਕਾਲੜਾ ਦੀ ਕਾਵਿ-ਰਚਨਾ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਵਾਚਿਆਂ ਗਹਿਰੇ ਤੇ ਭਾਰੇ ਮੁੱਲ ਵਾਲੀ ਹੈ। ਬਾਰਾਂ ਕਾਵਿ-ਰਚਨਾਵਾਂ ਅਤੇ ਵਿਸ਼ੇਸ਼ ਕਰਕੇ ਗ਼ਜ਼ਲ-ਕਾਵਿ ਪ੍ਰਤੀ ਵਿਲੱਖਣਤਾ, ਪ੍ਰਪੱਕਤਾ, ਪ੍ਰਬੁੱਧਤਾ ਅਤੇ ਰੂਪਕ ਗੁਣਾਂ ਵਿਚ ਪ੍ਰਵੀਨ ਹੋਣ ਵਿਚ ਹੈ। ਆਕਾਰ ਤੇ ਮਿਆਰ ਦੋਹਾਂ ਪੱਖਾਂ ਤੋਂ ਵਾਚਿਆਂ ਪੰਜਾਬੀ ਦੀ ਸਮਕਾਲੀ ਕਵਿਤਾ ਵਿਚ ਇਸ ਦਾ ਮਹੱਤਵਪੂਰਨ ਸਥਾਨ ਹੈ। 'ਅਕ਼ਲਾਂ ਦਾ ਮੌਸਿਮ' ਕਾਵਿ-ਸੰਗ੍ਰਹਿ ਵਿਚ ਕਵਿਤਾਵਾਂ ਸੰਕਲਿਤ ਹਨ ਜਿਨ੍ਹਾਂ ਨੂੰ ਅੱਗੇ ਕਵੀ ਨੇ ਤਿੰਨ ਵਰਗਾਂ ਵਿਚ ਵੰਡਿਆ ਹੈ। ਇਸ ਵਿਚ ਪ੍ਰਗੀਤਕ ਕਾਵਿ ਅਤੇ ਬੌਧਿਕ, ਦੋਹਾਂ ਵੰਨਗੀਆਂ ਦੀਆਂ ਰਚਨਾਵਾਂ ਹਨ, ਪਰ ਇਨ੍ਹਾਂ ਸਭ ਰਚਨਾਵਾਂ ਦਾ ਕੇਂਦਰ ਬਿੰਦੂ ਕਵੀ ਦਾ ਨਿੱਜ ਵਿਅਕਤੀਤਵ ਹੈ। ਇਸ ਲਈ ਇਹ ਸਾਰੀ ਕਾਵਿ ਸਿਰਜਨਾ ਆਪਣੇ ਅਨੁਭਵ ਤੇ ਬੌਧਿਕ ਪ੍ਰਗਟਾਅ ਵਜੋਂ ਇਕ -ਸੁਰਤਾ ਦੀ ਲਖਾਇਕ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਕਵੀ ਨੇ ਆਪਣੇ ਨਿੱਜ ਸਰੂਪ ਨੂੰ ਆਪਣੀ ਕਵਿਤਾ ਵਿਚ ਰਚਾਅ ਕੇ ਇੰਜ ਘੋਲ ਦਿੱਤਾ ਹੈ ਕਿ ਦੋਹਾਂ ਨੂੰ ਇਕ ਦੂਜੇ ਤੋਂ ਨਿਖੇੜਨਾ ਅਸੰਭਵ ਜਿਹੀ ਗੱਲ ਬਣ ਗਈ ਹੈ। ਇਹੋ ਕਾਰਨ ਹੈ ਕਿ ਇਸ ਰਚਨਾ ਦੀ ਸੁਹਿਰਦਤਾ ਤੇ ਸਵੈ ਅਭਿਵਿਅਕਤੀ ਵਿਚ ਨਾ ਕੋਈ ਦਵੰਦ ਹੈ, ਨਾ ਕੋਈ ਉਹਲਾ। ਕਵੀ ਨੇ ਸਮੁੱਚੇ ਸਮਕਾਲੀ ਸਮਾਜ ਦੇ ਜੀਵਨ ਪ੍ਰਵਾਹ ਨੂੰ ਆਪਣੀ ਪਕੜ ਵਿਚ ਲੈ ਕੇ ਉਸ ਦੀ ਸਾਰਥਕ ਪਰਖ-ਪੜਚੋਲ ਕਰ ਦਿੱਤੀ ਹੈ ਜਿਸ ਕਾਰਨ ਇਹ ਰਚਨਾ ਵਰਤਮਾਨ ਕਾਵਿ ਦਾ ਸਮੁੱਚਾ ਦਰਪਣ ਬਣ ਗਈ ਹੈ। ਆਪਣੇ ਤੀਖਣ ਵਿਅੰਗ ਅਤੇ ਬੌਧਿਕ ਕਟਾਖਾਂ ਦੇ ਅਜਿਹੇ ਤੀਰ ਚਲਾਏ ਹਨ ਕਿ ਸਮੁੱਚੇ ਸਮਾਜ ਦਾ ਨੰਗ-ਨਮੂਜ ਅਤੇ ਚਿਹਰਾ ਮੋਹਰਾ ਏਨਾਂ ਨਿਖੜਵਾਂ ਅਤੇ ਅਨਿਖੜਵਾਂ ਪ੍ਰਗਟ ਹੋਇਆ ਹੈ ਕਿ ਕਵੀ ਦੇ ਸਮੁੱਚੇ ਦ੍ਰਿਸ਼ਟੀਕੋਣ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਜਿਸ ਤਰ੍ਹਾਂ ਵਰਤਮਾਨ ਭਾਰਤੀ ਸਮਾਜ ਦੀਆਂ ਅਸੰਗਤੀਆਂ ਤੇ ਉਲਾਰ ਅਥਵਾ ਨਕਾਰਾਤਮਕ ਪੱਖ ਨੰਗੇ ਹੋਏ ਹਨ, ਉਨ੍ਹਾਂ ਵਿਚੋਂ ਸਾਫ ਪਤਾ ਲਗਦਾ ਹੈ ਕਿ ਸਾਡਾ ਸਮਾਜਕ ਢਾਂਚਾ ਕਿਵੇਂ ਦਿਨੋਂ ਦਿਨ ਬੜੀ ਤੇਜ਼ ਗਤੀ ਨਾਲ ਨਿਘਾਰ ਵੱਲ ਜਾ ਰਿਹਾ ਹੈ। ਪਰ ਕਵੀ ਨੇ ਕੇਵਲ ਨਕਾਰਾਤਮਕ ਪੱਖ ਨੂੰ ਸਨਮੁਖ ਰੱਖ ਕੇ ਉਸ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਸਾਕਾਰਾਤਮਕ ਰੁਚੀਆਂ ਦੁਆਰਾ ਸਮਾਜਕ ਯਥਾਰਥ ਦੇ ਮੰਡਲ ਵੱਲ ਵੀ ਸੰਕੇਤ ਕੀਤੇ ਹਨ। ਇਸ ਤਰ੍ਹਾਂ ਵਰਤਮਾਨ ਯੁੱਗ ਵਿਚਲੀਆਂ ਨਵੀਨ ਕੀਮਤਾਂ ਦੇ ਦੋਹਾਂ ਪੱਖਾਂ, ਖੰਡਨਾਤਮਕ ਅਤੇ ਮੰਡਨਾਤਮਕ ਵਿਚ ਕਲਾਤਮਕ ਸੰਤੁਲਨ ਰੱਖ ਕੇ ਕਵੀ ਨੇ ਆਪਣੀ ਵਿਰਾਟ ਸਿਰਜਣਾਤਮਕ ਪਛਾਣ ਵੀ ਕਰਾ ਦਿੱਤੀ ਹੈ। ਇਸੇ ਨਿਵੇਕਲੇ ਗੁਣ ਨੇ ਉਸ ਨੂੰ ਵਰਤਮਾਨ ਕਾਲ ਦੇ ਪ੍ਰਬੁੱਧ ਅਤੇ ਸਿੱਧ -ਹਸਤ ਕਾਵਿ ਸਾਧਕ ਬਣਾ ਦਿੱਤਾ ਹੈ। ਇਹੀ ਉਸ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਹੈ। ਕਾਵਿ ਸਾਧਨਾ ਵਿਚ ਉਸ ਦੀ ਕਲਾਸਕੀ ਪ੍ਰਵਿਰਤੀ ਨੇ ਉਸ ਦੀ ਰਚਨਾ ਵਿਚ ਕਲਾਸਕੀ ਉਤਕ੍ਰਿਸ਼ਟਤਾ ਨੂੰ



ਸਾਕਾਰ ਕਰ ਦਿੱਤਾ ਹੈ। ਟੀ.ਐਸ. ਈਲੀਅਟ ਵਰਗੇ ਸ਼੍ਰੋਮਣੀ ਸਮਾਲੋਚਕ ਦੇ ਸ਼ਬਦਾਂ ਵਿਚ ''ਪਰੌਢ ਅਨੁਭਵ ਦਾ ਪ੍ਰੌਢ ਪ੍ਰਗਟਾਅ ਹੀ ਇਕ ਸਫਲ ਕਲਾਸਕੀ ਰਚਨਾ ਦਾ ਵਿਸ਼ੇਸ਼ ਗੁਣ ਹੁੰਦਾ ਹੈ।'' ਕਰਤਾਰ ਸਿੰਘ ਕਾਲੜਾ ਦੀ ਕਵਿਤਾ ਵਿਚ ਇਹ ਗੁਣ ਭਰਪੂਰ ਮਾਤਰਾ ਵਿਚ ਮੌਜੂਦ ਹੈ। 'ਅਕ਼ਲਾਂ ਦਾ ਮੌਸਿਮ' ਵਿਚਲੀ ਕਵਿਤਾ ਵਿਚ ਇਹ ਗੁਣ ਸਪੱਸ਼ਟ ਤੌਰ ਤੇ ਵੇਖਿਆ, ਮਾਣਿਆਂ ਤੇ ਜਾਣਿਆਂ ਜਾ ਸਕਦਾ ਹੈ।

''ਅਕ਼ਲਾਂ ਦਾ ਮੌਸਿਮ'' ਦੀ ਕਵਿਤਾ ਨਾ ਕੇਵਲ ਸਮਕਾਲੀ ਸਮਾਜ ਦੇ ਯਥਾਰਥ ਨਾਲ ਹੀ ਸੰਬੰਧਤ ਹੈ ਸਗੋਂ ਇਹ ਪੰਜਾਬੀ ਕਵਿਤਾ ਦੀ ਲੰਮੀ, ਲਗ-ਭਗ ਇਕ ਹਜ਼ਾਰ ਸਾਲ ਦੀ ਪਰੰਪਰਾ ਨਾਲ ਵੀ ਜੁੜੀ ਹੋਈ ਹੈ। ਜਿਸ ਤਰ੍ਹਾਂ ਦੀਆਂ ਉਚ ਕੋਟੀ ਦੀਆਂ ਟਿੱਪਣੀਆਂ ਦੁਆਰਾ ਸਾਡੇ ਵਡੇਰੇ ਕਵੀਆਂ ਨੇ ਜੀਵਨ ਗਤੀ ਨੂੰ ਸਿੱਧੇ ਰਾਹੇ ਪਾਉਣ ਦਾ ਵੱਡਮੁਲਾ ਯਤਨ ਕੀਤਾ ਹੈ ਉਸੇ ਤਰ੍ਹਾਂ ਕਵੀ ਕਾਲੜਾ ਆਪਣੇ ਸਮੇਂ ਦੀ ਜੀਵਨ ਗਤੀ ਨੂੰ ਸਾਰਥਕ ਸੇਧ ਦੇਣ ਦਾ ਯਤਨ ਕਰ ਰਿਹਾ ਹੈ। ਸੱਚ ਤਾਂ ਇਹ ਹੈ ਕਿ ਵਰਤਮਾਨ ਸਮਾਜ ਦੀਆਂ ਉਲਾਰ ਤੇ ਮਾਰੂ ਪ੍ਰਵਿਰਤੀਆਂ ਵੇਖ ਕੇ ਕਵੀ ਦਾ ਦਿਲ ਵਲੂੰਧਰਿਆ ਗਿਆ ਹੈ ਅਤੇ ਉਸ ਦੇ ਭਵਿੱਖ ਬਾਰੇ ਬਣਾਏ ਗਏ ਸੁਪਨੇ ਤੇ ਆਦਰਸ਼ ਚਕਨਾ ਚੂਰ ਹੋ ਰਹੇ ਹਨ। ਉਸੇ ਸ਼ਿਦਤ ਨਾਲ ਉਹ ਸਮਾਜ ਦੀ ਸਮੁੱਚੀ ਨੁਹਾਰ ਨੂੰ ਬਦਲ ਦੇਣ ਦੇ ਆਹਰ ਵਿਚ ਹੈ। ਇਹੋ ਹੀ ਕਿਸੇ ਸੱਚੇ ਸੁੱਚੇ ਕਵੀ ਜਾਂ ਕਲਾਕਾਰ ਦਾ ਆਦਰਸ਼ਕ ਧਰਮ ਹੁੰਦਾ ਹੈ। ਕਵਿਤਾ ਕੋਈ ਬਾਹਰੀ ਪ੍ਰਪੰਚ ਜਾਂ ਸ਼ਾਬਦਿਕ ਅਡੰਬਰ ਨਹੀਂ ਹੁੰਦਾ, ਸਗੋਂ ਉਸ ਦਾ ਮੁੱਖ ਕਰਮ-ਧਰਮ ਜਾਂ ਕਰਤੱਵ ਇਹੋ ਹੀ ਬਣਦਾ ਹੈ ਕਿ ਉਸ ਦੀ ਰਚਨਾ ਵਿਚੋਂ ਪਾਠਕ ਜਾਂ ਸਰੋਤੇ ਅਜਿਹੀ ਸੇਧ ਪ੍ਰਾਪਤ ਕਰ ਸਕਣ। ਤਦੇ ਉਹ ਰਚਨਾ 'ਸੱਚ-ਸੁਣਾਇਸੀ ਸੱਚ ਕੀ ਬੇਲਾ' ਬਣਦੀ ਹੈ। ਅਕ਼ਲਾਂ ਦਾ ਮੌਸਿਮ ਗੀਤ ਵਿਚ ਜਜ਼ਬੇ ਉਤੇ ਅਕ਼ਲ ਅਤੇ ਜੋਸ਼ ਉਤੇ ਹੋਸ਼ ਦੀ ਸਰਦਾਰੀ ਕਵੀ ਲੋਚਦਾ ਹੈ। ਭਾਈ ਵੀਰ ਸਿੰਘ ਹੋਸ਼ਾਂ ਨਾਲੋਂ ਮਸਤੀ ਨੂੰ ਚੰਗਾ ਸਮਝਦਾ ਹੈ। ਪਰ ਕਾਲੜਾ ਜੋਸ਼ ਨਾਲੋਂ ਹੋਸ਼ ਦੀ ਮੰਗ ਕਰਦਾ ਹੈ। ਭਾਈ ਵੀਰ ਸਿੰਘ ਰਹੱਸਵਾਦੀ ਹੈ ਤੇ ਕਾਲੜਾ ਵਿਵੇਕਵਾਦੀ। ਵਿਸ਼ੇ ਪੱਖ ਤੋਂ ਕਵੀ ਕਾਲੜਾ ਦੀ ਕਵਿਤਾ ਵਰਤਮਾਨ ਭਾਰਤੀ ਸਮਾਜ ਦੀ ਸੰਕਟ-ਗ੍ਰਸਤ ਅਵਸਥਾ ਉਤੇ ਝਾਤ ਪਵਾਉਂਦੀ ਹੈ। ਕਵੀ ਦੀ ਆਪਣੀ ਦ੍ਰਿਸ਼ਟੀ ਇਸ ਨਿੱਘਰੀ ਦਸ਼ਾ ਤੇ ਦਿਸ਼ਾ ਨੂੰ ਮੁੱਖ ਰੱਖ ਕੇ ਸਮਾਜ ਨੂੰ ਕੁਝ ਸਪੱਸ਼ਟ ਸੇਧ ਦੇਣ ਵਿਚ ਸਫਲ ਹੋਈ ਹੈ।

ਅੱਜ ਤੋਂ ਅੱਧੀ ਸਦੀ ਪਹਿਲਾਂ ਆਪਣੇ ਕਾਵਿ-ਸੰਗ੍ਰਹਿ 'ਛੱਤੀ ਅੰਮ੍ਰਿਤ' ਵਿਚ ਸਮੁੱਚੀ ਸਮਾਜਕ ਅਵਸਥਾ ਨੂੰ ਮੁੱਖ ਰੱਖ ਕੇ ਮੈਂ ਇਹ ਕਾਵਿ ਟਿੱਪਣੀ ਕੀਤੀ ਸੀ: 'ਕਸੇਲ ਭ੍ਰਿਸ਼ਟਾਚਾਰ ਸਮਾਜ ਦੇ ਖਾਧੇ ਹੱਡ ਤੇ ਮਿੱਖ, ਰੇਤ ਕੰਧ ਢੈ ਜਾਵਸੀ ਉਠਸੀ ਨਵਾਂ ਮਨੁੱਖ' ਇਕ ਹੋਰ ਪੰਕਤੀ ਸੀ :'ਕਸੇਲ ਝਰੋਖੇ ਬੈਠ ਕੇ ਵੰਡ ਕਥੂਰ ਗਿਆਨ, ਜੀਵਨ ਬਚੜੇ ਪੋਥੀਆਂ ਚਾਨਣ ਵੰਡਦੇ ਜਾਣ।'

ਕਾਲੜਾ ਜੀ ਨੇ ਵੀ ਮੇਰੇ ਸ਼ਿਸ਼ ਰੂਪ ਵਿਚ ਆਪਣੀਆਂ ਕਵਿਤਾਵਾਂ ਵਿਚ ਚਾਨਣ ਹੀ ਵੰਡਿਆ ਹੈ। ਉਸਦੇ ਬਹੁਤ ਸਾਰੇ ਕਾਵਿ ਸੰਗ੍ਰਹਿ ਚਾਨਣ ਦੇ ਸਿਰਲੇਖ ਨਾਲ ਹੀ ਆਰੰਭ ਹੁੰਦੇ ਹਨ। 'ਅਕ਼ਲਾਂ ਦਾ ਮੌਸਿਮ' ਸੰਗ੍ਰਹਿ ਵਿਚ ਕਵੀ ਨੇ ਭਾਰਤ ਦੇ ਵਰਤਮਾਨ ਸਮਾਜ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ ਅਤੇ ਵਰਤਮਾਨ ਸਮਾਜਕ ਦਸ਼ਾ ਅਤੇ ਦਿਸ਼ਾ ਦਾ ਵਿਵੇਚਨ ਕਰਕੇ ਨਵੀਆਂ ਸੇਧਾਂ ਪ੍ਰਦਾਨ ਕੀਤੀਆਂ ਹਨ। ਪ੍ਰਮੁੱਖ ਰੂਪ ਵਿਚ ਕਾਲੜਾ ਆਸ਼ਾਵਾਦੀ ਹੈ ਅਤੇ ਆਪਣੀ ਇਸ ਸੰਗ੍ਰਹਿ ਦੀ ਪ੍ਰਗੀਤਕ

ਭਾਗ ਦੀ ਪਹਿਲੀ ਕਵਿਤਾ ਵਿਚ ਹੀ ਉਹ ਨਵੇਂ ਵਰ੍ਹੇ ਦੇ ਸੂਰਜ ਨੂੰ ਸੰਬੋਧਿਤ ਹੋ ਕੇ ਇਕ ਖ਼ੁਸ਼ਹਾਲ ਤੇ ਪ੍ਰਗਤੀਸ਼ੀਲ ਸਮਾਜ ਦੀ ਕਾਮਨਾ ਕਰਦਾ ਹੈ ਤਾਂ ਜੋ ਮਨੁੱਖਤਾ ਅਮਨ ਚੈਨ, ਸੁੱਖ ਸ਼ਾਂਤੀ ਤੇ ਪਰਸਪਰ ਪ੍ਰੇਮ ਦੇ ਭਾਈਚਾਰੇ ਦੇ ਸੂਤਰ' ਵਿਚ ਪਰੋਈ ਜਾ ਕੇ ਸੁੱਖ ਦਾ ਸਾਹ ਲੈ ਸਕੇ:

- ਨਵੇਂ ਵਰ੍ਹੇ ਦੇ ਸੂਰਜਾ, ਸਭ ਨੂੰ ਦੇਵੀਂ ਸੁੱਖ।
  ਧਰਤਿ ਰਹੇ ਹਰਿਆਵਲੀ ਖਿੜਿਆ ਦਿਸੇ ਮਨੁੱਖ।
- ਨਵੇਂ ਵਰ੍ਹੇ ਦੇ ਸੂਰਜਾ ਦੇਵੀਂ ਇਕ ਅਸੀਸ,
  ਚਾਨਣ ਵੰਡੀਏ ਜਗਤ ਵਿਚ ਕਰਕੇ ਤੇਰੀ ਰੀਸ।
- ਨਵੇਂ ਵਰ੍ਹੇ ਦੇ ਸੂਰਜਾ ਐਸੀਆਂ ਕਿਰਨਾਂ ਭੇਜ,
  ਲੋਕ ਮਨਾਂ ਵਿਚ ਉਪਜੇ ਪ੍ਰੇਮ ਪਿਆਰ ਦਾ ਹੇਜ।
- ਨਵੇਂ ਵਰ੍ਹੇ ਦੇ ਸੂਰਜਾ ਐਸਾ ਬਖ਼ਸ਼ ਸ਼ਊਰ,
  ਜਨਮ-ਜਾਤਿ ਦੇ ਵਿਤਕਰੇ ਹੋ ਜਾਵਣ ਕਾਫ਼ੂਰ।

ਜਿਥੇ ਕਵੀ ਅਜਿਹੇ ਆਦਰਸ਼ਕ ਸਮਾਜ ਦੀ ਕਲਪਨਾ ਕਰਦਾ ਹੈ, ਉਥੇ ਉਸ ਦੇ ਆਦਰਸ਼ ਮਹਿਲ ਨੂੰ ਸੰਨ੍ਹ ਲਾ ਰਹੇ ਵਰਤਮਾਨ ਕਾਲ ਦੇ ਨੀਤੀਵਾਨ ਪ੍ਰਭੂਆਂ ਦੀਆਂ ਦੰਭੀ ਸੋਚਾਂ ਦੇ ਜੰਦਰੇ ਖੋਲ੍ਹਣ ਲਈ ਵੀ ਉਪਾਅ ਢੂੰਡ ਰਿਹਾ ਹੈ ਤਾਂ ਜੋ ਇਨ੍ਹਾਂ ਦੀਆਂ ਕੁਟਲ-ਨੀਤੀਆਂ ਤੇ ਲੁੱਟ ਖਸੁੱਟ ਦੇ ਕੋਝੇ ਵਰਤਾਰੇ ਨੂੰ ਨੰਗਾ ਕੀਤਾ ਜਾ ਸਕੇ। ਇਸ ਪੱਖ ਤੋਂ ਕਵੀ ਦੀ ਕਵਿਤਾ ਦੀ ਵੰਗਾਰ ਜਨ ਸਾਧਾਰਨ ਨੂੰ ਨਵੀਂ ਸੂਝ ਬਖ਼ਸ਼ ਸਕੇ ਅਤੇ ਉਹ ਜਨਤਕ ਸੰਗਰਾਮ ਦੁਆਰਾ ਆਪਣੀ ਨਵੀਂ ਹੋਣੀ ਨੂੰ ਸਿਰਜ ਸਕੇ। ਇਸ ਪ੍ਰਸੰਗ ਵਿਚ ਕਵੀ ਨੇ ਵਿਅੰਗ ਦਾ ਜੋ ਹਥਿਆਰ ਵਰਤਿਆ ਹੈ ਉਹ ਆਪਣੇ ਆਪ ਵਿਚ ਇੰਨਾ ਤਿੱਖਾ ਤੇ ਠੀਕ ਨਿਸ਼ਾਨੇ ਤੇ ਪੁੱਜਣ ਵਾਲਾ ਹੈ ਕਿ ਕਵੀ ਦੀ ਸੂਝ-ਬੂਝ ਦੀ ਪ੍ਰਸ਼ੰਸਾ ਕਰਨੀ ਹੀ ਬਣਦੀ ਹੈ। ਵੇਖੋ ਕਵੀ ਕਿਸ ਤਰ੍ਹਾਂ ਵਰਤਮਾਨ ਨੇਤਾਵਾਂ ਦੇ ਦੰਭਾਂ ਤੇ ਕੁਰੀਤੀਆਂ ਉਤੇ ਤਿੱਖੀ ਚੋਟ ਕਰਦਾ ਹੈ। ਰਾਜਨੀਤਕ ਨੇਤਾਵਾਂ ਦੇ ਕਿਰਦਾਰ ਨੂੰ ਨੰਗਾ ਕਰਦਾ ਹੋਇਆ ਉਨ੍ਹਾਂ ਦੇ ਗੁਪਤ ਪ੍ਰਗਟ ਕਾਰਨਾਮਿਆਂ ਦੀ ਉਹ ਇਸ ਤਰ੍ਹਾਂ ਖਿੱਲੀ ਉਡਾਉਂਦਾ ਹੈ:

- ਅਸੀਂ ਰੰਬੀਆਂ ਘੜਾਵਾਂਗੇ,
  ਆਉਂਦੇ ਪੰਜ ਸਾਲੀਂ, ਖੱਲ ਲੋਕਾਂ ਦੀ ਲਾਹਵਾਂਗੇ।
- ਆਵਾਂਗੇ ਜਾਵਾਂਗੇ,
  ਹਾਂ ਸੁਲਝੇ ਚੋਰ ਅਸੀਂ ਵਾਰੀ ਸਿਰ ਖਾਵਾਂਗੇ।
- ਅਸੀਂ ਅਸਲੀ ਡਾਕੂ ਹਾਂ,
  ਤੁਸੀਂ ਨਾ ਸਾਥੋਂ ਬਚ ਸਕਦੇ, ਚੰਗੇਜ਼ ਹਲਾਕੂ ਹਾਂ।

ਅੰਤਰ ਕੇਵਲ ਇਤਨਾ ਹੈ ਕਿ ਚੰਗੇਜ਼ ਤੇ ਹਲਾਕੂ ਤਲਵਾਰ ਸੂਤ ਕੇ ਸਿੱਧੀ ਲੁੱਟ ਮਚਾਉਂਦੇ ਸਨ। ਪਰ ਅੱਜ ਦੇ ਨੇਤਾ ਭਾਵੇਂ ਉਹ ਕਿਸੇ ਵੀ ਦਲ ਦੇ ਹੋਣ, ਜ਼ੁਬਾਨ ਦੀ ਮਿੱਠੀ ਛੁਰੀ ਨਾਲ ਨਿਆਸਰੀ ਜਨਤਾ ਨੂੰ ਕੋਹ-ਕੋਹ ਕੇ ਮਾਰ ਰਹੇ ਹਨ।

ਸਮਕਾਲੀ ਪੰਜਾਬੀ ਕਵਿਤਾ ਵਿਚ ਪਿਛਲੇ ਕੁਝ ਸਮਿਆਂ ਤੋਂ ਗ਼ਜ਼ਲ ਵਰਗੀ ਸੂਖਮ ਕਾਵਿ ਵਿਧਾ ਵਧੇਰੇ ਪ੍ਰਚੱਲਤ ਹੋ ਰਹੀ ਹੈ। ਪਰ ਗ਼ਜ਼ਲ ਵਰਗੇ ਸੂਖਮ ਕਾਵਿ ਰੂਪ ਵਿਚ ਤਕਨੀਕੀ ਪੱਖ ਤੋਂ



ਵਧੇਰੇ ਪ੍ਰਪੱਕ ਹੋਣਾ ਪੈਂਦਾ ਹੈ। ਜੇ ਗ਼ਜ਼ਲ ਦੇ ਇਕ ਸ਼ੇਅਰ ਵਿਚ ਵੀ ਪਾਠਕਾਂ ਤੇ ਸਰੋਤਿਆਂ ਦੇ ਹਿਰਦੇ ਤਲਾਂ ਨੂੰ ਹਲੂਣ ਸਕਣ ਦੀ ਸ਼ਕਤੀ ਹੋਵੇ ਤਾਂ ਗ਼ਜ਼ਲ ਦਾ ਇਕ ਸ਼ੇਅਰ ਵੀ ਰਸਿਕ ਪਾਠਕਾਂ ਨੂੰ ਅਟੱਲ ਸਚਾਈ ਦੇ ਰੂਪ ਵਿਚ ਅਭੁੱਲ ਖ਼ਜ਼ਾਨਾ ਬਖ਼ਸ਼ ਜਾਂਦਾ ਹੈ ਕਿ ਉਹ ਉਸ ਦੀ ਜੀਵਨ ਭਰ ਦੀ ਸਥਾਈ ਪੂੰਜੀ ਬਣ ਜਾਂਦਾ ਹੈ।

ਵਰਤਮਾਨ ਸਮਾਜ ਦੀ ਕਰੁਣਾਮਈ ਦਸ਼ਾ ਨੂੰ ਨਿਹਾਰ ਕੇ ਕਵੀ-ਦਿਲ ਕੇਵਲ ਹਮਦਰਦੀ ਵਿਚ ਪਸੀਜ ਹੀ ਨਹੀਂ ਜਾਂਦਾ ਸਗੋਂ ਆਪਣੇ ਦਿਲ ਦੇ ਦਰਦ ਨੂੰ ਜਨ-ਸਮੂਹ ਦੀ ਵੇਦਨਾ ਬਣਾ ਕੇ ਪੇਸ਼ ਕਰਦਾ ਹੈ। ਕਾਲੜਾ ਗ਼ਜ਼ਲਾਂ ਦਾ ਉਸਤਾਦ ਕਵੀ ਹੈ ਤੇ ਉਸ ਦੀਆਂ ਗ਼ਜ਼ਲਾਂ ਵਿਚੋਂ ਤਕਨੀਕੀ ਨੁਕਸ ਕੱਢਣੇ ਕੋਈ ਸੌਖੀ ਗੱਲ ਨਹੀਂ ਹੁੰਦੀ, ਸਗੋਂ ਕੁਝ ਸ਼ੇਅਰ ਤਾਂ ਸਾਰੀ ਮਾਨਵ ਜਾਤੀ ਦੇ ਦਰਦ ਦੀ ਵਿਆਖਿਆ ਕਰ ਜਾਂਦੇ ਹਨ। ਪੰਜਾਬੀ ਕਵਿਤਾ ਦੇ ਪਿਤਾਮਿਆਂ ਬਾਬਾ ਫਰੀਦ ਸ਼ੱਕਰਗੰਜ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਮਾਨਵੀ ਦਰਦ ਦੀ ਡੂੰਘੀ ਥਾਹ ਪਾਈ ਹੈ। ਕਾਲੜਾ ਜੀ ਨੇ ਵੀ ਇਸ ਮਾਨਵੀ ਦਰਦ ਨੂੰ ਸੁੰਦਰ ਕਾਵਿ ਚਿੱਤਰਾਂ ਦੁਆਰਾ ਪ੍ਰਸਤੁਤ ਕੀਤਾ ਹੈ:

- ਅੰਨ੍ਹਾਂ ਬੋਲਾ ਕਿਹਾਂ ਨਹੀਂ ਸਰਦਾ,
  ਮਾਇਆ ਧਾਰੀ ਨਿਪਟ ਕਸਾਈ ਹੈ।
- ਨਾ ਤਾਂ ਮੇਰੇ ਅੰਗ ਕੋਮਲ ਨਾ ਹੀ ਝੋਲੇ ਵਿਚ ਸ਼ਰਾਬ,
  ਫਿਰ ਅਲੋਚਕ ਦੀ ਨਜ਼ਰ ਨੂੰ ਕਿਸ ਤਰ੍ਹਾਂ ਭਾਵਾਂਗਾ ਮੈਂ।
- ਹਨੇਰੇ-ਬਾਜ਼ ਘੋਰ ਅਪ੍ਰਾਧ ਕਰਦੇ ਨੇ ਹਨੇਰੇ ਵਿਚ,
  ਮੈਂ ਚਾਨਣ ਕਰਕੇ ਐਸੇ ਨ੍ਹੇਰ ਤੋਂ ਪਰਦਾ ਉਠਾਉਂਦਾ ਹਾਂ।
- ਗਲੀਆਂ 'ਚ ਦਿਨ ਨੂੰ ਵੀ ਜਦੋਂ ਬੱਤੀਆਂ ਨੇ ਜਗਦੀਆਂ,
  ਸੂਰਜ ਨੂੰ ਲੋੜ ਪੈ ਗਈ ਚਸ਼ਮਾ ਲਗਾਉਣ ਦੀ।
- ਬੇੜਾ ਕਰੇਂਗਾ ਪਾਰ ਕੀ ਤੂੰ ਦੱਸ ਮੁਹਾਣਿਆਂ?
  ਸਿੱਖੀ ਨਾ ਜਾਚ ਤੂੰ ਅਜੇ ਚੱਪੂ ਚਲਾਣ ਦੀ।
- ਮੈਂਬਰ ਹੀ ਸੰਸਦਾਂ ਦੇ ਜਦ ਬੋਲੀ 'ਤੇ ਵਿਕ ਰਹੇ,
  ਸੋਚੇਗਾ ਕੌਣ 'ਕਾਲੜਾ' ਰਿਸ਼ਵਤ ਮਿਟਾਣ ਦੀ?

ਪ੍ਰੋਫ਼ੈਸਰ ਕਾਲੜਾ ਤਾਂ ਕਾਵਿ ਕਲਾ ਦਾ ਮੇਰੇ ਨਾਲੋਂ ਵਧੇਰੇ ਸੁਚੇਤ ਪਾਰਖੂ ਹੈ। ਮੈਂ ਤਾਂ ਕੇਵਲ ਅਸੀਸ ਰੂਪ ਵਿਚ ਇਹੋ ਹੀ ਕਾਮਨਾ ਕਰ ਸਕਦਾ ਹਾਂ ਕਿ ਇਸ ਕਵੀ ਦੀ ਕਵਿਤਾ ਵਿਚ ਅਜਿਹੇ ਓਜ ਤੇ ਸੁਹਜ ਦਾ ਸੰਤੁਲਨ ਬਣਿਆ ਰਹੇ। ਇਕੀਵੀਂ ਸਦੀ ਦੀ ਨਵੀਨ ਪੰਜਾਬੀ ਕਵਿਤਾ ਦੀ ਉਸ ਦੀ ਕਾਵਿ ਸਿਰਜਣਾ ਦੁਆਰਾ ਹੋਰ ਚੜ੍ਹਤ ਬਣੇ ਤੇ ਪੰਜਾਬੀ ਦੀ ਇਹ ਨਵ-ਕਲਾਸਕੀ ਰਚਨਾ ਪੰਜਾਬੀ ਦੇ ਕਾਵਿ ਸੰਸਾਰ ਵਿਚ ਆਪਣੀ ਚਿਰੰਜੀਵੀ ਪਛਾਣ ਦੁਆਰਾ ਭਿੰਨੀ ਮਹਿਕ ਖਿਲਾਰ ਸਕੇ। ਇਨ੍ਹਾਂ ਬੋਲਾਂ ਦੁਆਰਾ ਇਸ ਕਾਵਿ ਸੰਗ੍ਰਹਿ ਦਾ ਭਰਪੂਰ ਸੁਆਗਤ ਹੈ। ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਸਾਹਿਤਕ ਜਗਤ ਇਸ ਰਚਨਾ ਨੂੰ ਮਾਣਦਾ ਹੋਇਆ ਕਵੀ ਕਾਲੜਾ ਦੀਆਂ ਆਗਾਮੀ ਕਾਵਿ ਰਚਨਾਵਾਂ ਲਈ ਤਾਂਘਦਾ ਰਹੇਗਾ।

ਕਿਰਪਾਲ ਸਿੰਘ ਕਸੇਲ (ਪ੍ਰੋ.)
ਆਜੀਵਨ ਫੈਲੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

1.1.2009

# ਕੁਝ ਆਪਣੇ ਵੱਲੋਂ

ਰੂਹ ਚਾਨਣਾਈ ਜਾਵੇ ਤਾਂ ਅਕ਼ਲ ਲਤੀਫ਼ ਹੋਣ ਦਾ ਦਾਅਵਾ ਉਭਰ ਖਲੋਂਦਾ ਹੈ। ਅਜਿਹਾ 'ਅਕ਼ਲਾਂ ਦਾ ਮੌਸਿਮ'' ਜੀਵਨ ਦੀਆਂ ਕਈ ਭਿੱਤਾਂ ਖੋਲ੍ਹ ਦਿੰਦਾ ਹੈ। ਉਨ੍ਹਾਂ ਭਿੱਤਾਂ ਰਾਹੀਂ ਜੋ ਕੁਝ ਦ੍ਰਿਸ਼ਮਾਨ ਹੁੰਦਾ ਹੈ' ਉਹ ਬਹੁ-ਪੱਖੀ ਤਾਂ ਹੋਵੇਗਾ ਹੀ, ਲੋਕ-ਮੁਖੀ ਵੀ ਅਵਸ਼ ਹੋਵੇਗਾ। ਉਥੇ ਬਾਬੇ ਨਾਨਕ ਦਾ ''ਤੈਂ ਕੀ ਦਰਦ ਨਾ ਆਇਆ,'' ਦਾ ਹਾਅ ਦਾ ਨਾਅਰਾ ਖ਼ੁਦ-ਬ-ਖ਼ੁਦ ਜਾਗਦੀ ਜ਼ਮੀਰ ਦੇ ਹਿੱਸੇ ਆ ਰਲਦਾ ਹੈ। ਬਸ ਅਜਿਹਾ ਕੁਝ ਹੀ ਵਾਪਰਿਆ ਹੈ ਇਸ ਪੁਸਤਕ ਵਿਚਲੇ ਮਤਨ ਨਾਲ।

ਭਾਵੇਂ ਗੀਤ ਹੈ ਜਾਂ .ਗਜ਼ਲ, ਆਜ਼ਾਦ ਕਵਿਤਾ ਹੈ ਜਾਂ ਬੰਦਸ਼ ਵਾਲੀ ਰਚਨਾ, ਸ੍ਵੈ-ਪੀੜਾ ਨਾਲ ਰਲੀ ਲੋਕ-ਪੀੜਾ ਹੋ ਕੇ ਪਰੋਸੀ ਗਈ ਹੈ।

ਕੋਈ ਤਿੰਨ ਕੁ ਸਾਲ ਦੇ ਵਕ.ਫ਼ੇ ਬਾਅਦ ਪੇਸ਼ ਹੋ ਰਿਹਾ ਹਾਂ। ਜ਼ਿੰਦਗੀ ਚੋਖੀ ਘਟਨਾਵਾਂ ਭਰਪੂਰ ਰਹੀ ਤੇ ਸ.ਫ਼ਰ ਦੇ ਅਨੁਭਵਾਂ ਦਾ ਭੰਡਾਰ ਭਰਪੂਰ ਹੁੰਦਾ ਰਿਹਾ ਹੈ।

ਬਹੁਤ ਕੁਝ ਲਿਖਣਾ ਚਾਹ ਕੇ ਵੀ ਲਿਖ ਨਹੀਂ ਰਿਹਾ ਸਭ ਕੁਝ ਸੂਝਵਾਨ ਪਾਠਕਾਂ 'ਤੇ ਛਡਦਾ ਹਾਂ।

ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੀ ਪ੍ਰੇਰਣਾ ਤਾਂ ਸਦਾ ਹੀ ਮੇਰੀ ਸਾਹਿਤਕ ਹੋਂਦ ਦਾ ਮੁੱਖ ਕਾਰਨ ਰਹੀ ਹੈ। ਉਨ੍ਹਾਂ ਦੀ ਨਿਰੰਤਰ ਸਰਪ੍ਰਸਤੀ ਲਈ ਧੰਨਵਾਦ ਦਾ ਸ਼ਬਦ ਬਹੁਤ ਛੋਟਾ ਹੈ।

ਧੰਨਵਾਦੀ ਹਾਂ ਜਨਾਬ ਸਰਦਾਰ ਪੰਛੀ ਜੀ ਦੀ ਉਦਾਰਤਾ ਲਈ।

ਨਵ-ਵਰਸ਼ੀ ਸ਼ੁਭਕਾਮਨਾਵਾਂ ਸਹਿਤ

2009 ਦਾ ਪਹਿਲਾ ਦਿਨ -ਕਰਤਾਰ ਸਿੰਘ ਕਾਲੜਾ



ਪੰਜਾਬ ਵਿਚ ਆ ਵਸੇ ਉਰਦੂ ਦੇ ਮਾਯਾਨਾਜ਼ ਸ਼ਾਇਰ

**: ਜਨਾਬ ਸਰਦਾਰ ਪੰਛੀ ਜੀ:** ਵੱਲੋਂ

- ਤਪਤੇ ਸਹਿਰਾ ਕੀ ਤਰ੍ਹਾ ਹੈ ਤਸ਼ਨਗੀ ਕਰਤਾਰ ਕੀ।  
ਸ਼ਬਨਮੀ ਕਤਰੋਂ ਕੇ ਜੈਸੀ ਸ਼ਾਇਰੀ ਕਰਤਾਰ ਕੀ।
- ਬੇ-ਜ਼ਰਰ ਇਨਸਾਨ ਮੁਖ਼ਲਸ ਦੋਸਤ ਔਰ ਸ਼ਾਇਰ ਅਜ਼ੀਮ,  
ਇਨ ਕੇ ਸ਼ਿਆਰੋ ਮੇਂ ਨੁਮਾਯਾਂ ਰੌਸ਼ਨੀ ਕਰਤਾਰ ਕੀ।
- ਕੀਚ ਮੇਂ ਖਿਲਣਾ ਤੋ ਹਰਇਕ ਫੂਲ ਕੇ ਬਸ ਕਾ ਨਹੀਂ,  
ਹੈ ਕੰਵਲ ਕੇ ਫੂਲ ਜੈਸੀ ਜ਼ਿੰਦਗੀ ਕਰਤਾਰ ਕੀ।
- ਇਨਕੇ ਸ਼ਿਅਰੋਂ ਮੇਂ ਅਮਾਵਸ ਔਰ ਹੈ ਪੂਨਮ ਕਾ ਰੰਗ,  
ਤੀਰਗੀ ਕਰਤਾਰ ਕੀ ਹੈ ਰੌਸ਼ਨੀ ਕਰਤਾਰ ਕੀ।
- ਕਹਿਕਸ਼ਾਂ ਕੇ ਪਾਰ ਜਾਤੀ ਹੈ ਨਿਗਾਹੇਂ ਤੇਜ਼ ਰੌ,  
ਇਨਕੀ ਆਖੋਂ ਮੇਂ ਬਸੀ ਹੈ ਰਹਿਬਰੀ ਕਰਤਾਰ ਕੀ।
- ਗੁਲਸਿਤਾਂ ਹੈਂ ਇਨਕੀ ਆਖੇਂ ਬੋਸਤਾਂ ਹੈ ਇਨਕਾ ਦਿਲ,  
ਖ਼ੰਦਾ - ਜ਼ਨ ਫੂਲੋਂ ਕੋ ਕਰਤੀ ਹੈ ਹੰਸੀ ਕਰਤਾਰ ਕੀ।
- ਤਨਹਾ ਤਨਹਾ ਜਾਨ-ਇ-ਮਹਿਫ਼ਿਲ ਤਨਹਾ ਤਨਹਾ ਅੰਜੁਮਨ,  
ਅੰਜੁਮਨ ਕੀ ਹਾਜ਼ਿਰੀ ਹੈ ਹਾਜ਼ਿਰੀ ਕਰਤਾਰ ਕੀ।
- ਏਕ ਵੀਰਾਨੀ ਕਾ ਆਲਮ ਸਾਹਮਣੇ ਹੋਤਾ ਹੈ ਬਸ,  
ਬਜ਼ਮ ਮੇਂ ਮਹਿਸੂਸ ਹੋਤੀ ਹੈ ਕਮੀ ਕਰਤਾਰ ਕੀ।
- ਮੈਕਦੇ ਮੇਂ ਹੈਰਾਂ ਜ਼ਾਹਿਦ, ਇਨਕੇ ਸੂਖੇ ਲਬ ਨਾ ਦੇਖ,  
ਰੰਗ ਲਾਣੇ ਵਾਲੀ ਹੈ ਤਸ਼ਨਾਲਬੀ ਕਰਤਾਰ ਕੀ।
- ਲੌ ਲਗਾਏ ਰਹਿਤੇ ਹੈਂ ਹਰ ਵਕਤ ਅਪਣੇ ਰੱਬ ਕੇ ਸਾਥ,  
ਜ਼ਿੰਦਗੀ ਕਰਤਾਰ ਕੀ ਹੈ ਬੰਦਗੀ 'ਕਰਤਾਰ' ਕੀ।
- ਜਿੰਦਾ ਦਿਲ ਲੋਗੋਂ ਮੇਂ ਉਨਕਾ ਤਜ਼ਕਰਾ ਹੈ ਰਾਤ ਦਿਨ,  
ਜ਼ੇਵਰ-ਇ-ਖ਼ਸਲਤ ਹੈ ਯਿਹ ਜ਼ਿੰਦਾ ਦਿਲੀ ਕਰਤਾਰ ਕੀ।
- ਜਾਮ-ਇ- ਵਹਦਤ ਪੀਤੇ ਰਹਿਤੇ ਹੈਂ ਅਕੇਲੇ ਬੈਠ ਕਰ,  
ਸਾਰੀ ਦੁਨੀਆ ਸੇ ਅਲੱਗ ਹੈ ਮੈ-ਕਸ਼ੀ ਕਰਤਾਰ ਕੀ।
- ਪੁਰ ਕਸ਼ਿਸ਼ ਇਸ ਸ਼ਖ਼ਸੀਅਤ ਕੋ ਦੇਖਤਾ ਹੈ ਹਰ ਚਕੋਰ,  
ਚਾਂਦ ਕੀ ਹਮਜਿਨਸ 'ਪੰਛੀ' ਚਾਂਦਨੀ ਕਰਤਾਰ ਕੀ।

ਪੁਸਤਕ ''ਮੇਰੀ ਨਜ਼ਰ ਮੇਂ ਆਪ'' ਵਿਚੋਂ

## ਨਵੇਂ ਵਰ੍ਹੇ ਦੇ ਸੂਰਜਾ

ਨਵੇਂ ਵਰ੍ਹੇ ਦੇ ਸੂਰਜਾ, ਸਭ ਨੂੰ ਦੇਵੀਂ ਸੁੱਖ।
ਧਰਤਿ ਰਹੇ ਹਰਿਆਵਲੀ ਖਿੜਿਆ ਦਿਸੇ ਮਨੁੱਖ।

ਨਵੇਂ ਵਰ੍ਹੇ ਦੇ ਸੂਰਜਾ ਦੇਵੀਂ ਇਕ ਅਸੀਸ,
ਚਾਨਣ ਵੰਡੀਏ ਜਗਤ ਵਿਚ ਕਰਕੇ ਤੇਰੀ ਰੀਸ।

ਨਵੇਂ ਵਰ੍ਹੇ ਦੇ ਸੂਰਜਾ ਐਸੀ ਬਿਰਤੀ ਵੰਡ,
ਵਹਿਮਾਂ ਦੀ ਮਨ-ਗੋਦੜੀ ਲਾਹ ਕੇ ਦੇਈਏ ਛੰਡ।

ਨਵੇਂ ਵਰ੍ਹੇ ਦੇ ਸੂਰਜਾ ਸੁਣੀ ਮੇਰੀ ਫਰਿਆਦ,
ਨਸ਼ਿਆਂ ਮਾਰੇ ਗੱਭਰੂ ਨਸ਼ਿਉਂ ਹੋਣ ਆਜ਼ਾਦ।

ਨਵੇਂ ਵਰ੍ਹੇ ਦੇ ਸੂਰਜਾ ਐਸੀਆਂ ਕਿਰਨਾਂ ਭੇਜ,
ਲੋਕ ਮਨਾਂ ਵਿਚ ਉੱਪਜੇ ਪ੍ਰੇਮ ਪਿਆਰ ਦਾ ਹੇਜ।

ਨਵੇਂ ਵਰ੍ਹੇ ਦੇ ਸੂਰਜਾ ਵੰਡੀਂ ਐਸਾ ਨੂਰ,
ਵਿਦਿਆ ਦੇ ਪ੍ਰਕਾਸ਼ ਸੰਗ ਹੋਣ ਹਨੇਰੇ ਦੂਰ।

ਨਵੇਂ ਵਰ੍ਹੇ ਦੇ ਸੂਰਜਾ ਐਸਾ ਬਖ਼ਸ਼ ਸ਼ਊਰ,
ਜਨਮ-ਜਾਤਿ ਦੇ ਵਿਤਕਰੇ ਹੋ ਜਾਵਣ ਕਾਫ਼ੂਰ।

ਨਵੇਂ ਵਰ੍ਹੇ ਦੇ ਸੂਰਜਾ ਐਸਾ ਕਰੀਂ ਉਪਾਅ,
ਨੇਤਾਵਾਂ ਦੀ ਅਕ਼ਲ ਦੇ ਜੰਦਰੇ ਖੋਲ੍ਹ ਵਿਖਾ।

ਨਵੇਂ ਵਰ੍ਹੇ ਦੇ ਸੂਰਜਾ, ਸੋਹਣੀ ਬਖ਼ਸ਼ ਨੁਹਾਰ,
ਬੰਦੇ ਵਿਚੋਂ ਦਿਸ ਪਵੇ, ਬੰਦੇ ਨੂੰ ਕਰਤਾਰ।



## ਨਵੇਂ ਵਰ੍ਹੇ ਦੇ ਸੂਰਜਾ
(ਇਕ ਹੋਰ)

ਨਵੇਂ ਵਰ੍ਹੇ ਦੇ ਸੂਰਜਾ, ਸਭ ਨੂੰ ਦੇਵੀਂ ਸੁੱਖ।
ਧਰਤਿ ਰਹੇ ਹਰਿਆਵਲੀ ਖਿੜਿਆ ਦਿਸੇ ਮਨੁੱਖ।

ਨਵੇਂ ਵਰ੍ਹੇ ਦੇ ਸੂਰਜਾ ਐਸਾ ਰੰਗ ਜਮਾਅ।
ਸੇਵਾ ਪਰ-ਉਪਕਾਰ ਦਾ ਚੜ੍ਹੇ ਮਨਾਂ ਨੂੰ ਚਾਅ।

ਨਵੇਂ ਵਰ੍ਹੇ ਦੇ ਸੂਰਜਾ, ਚਾਨਣ ਰੱਬ ਸਰੂਪ।
ਚੜ੍ਹੇ ਜਵਾਨੀ ਕੌਮ ਨੂੰ ਨਿਖਰੇ ਇਸ ਦਾ ਰੂਪ।

ਨਵੇਂ ਵਰ੍ਹੇ ਦੇ ਸੂਰਜਾ, ਲਾਵੀਂ ਐਸੀ ਚਾਟ।
ਮਨ ਵਿਚ ਹਰ ਇਕ ਸ਼ਖ਼ਸ ਦੇ ਜਗੇ ਪ੍ਰੇਮ ਦੀ ਲਾਟ।

ਨਵੇਂ ਵਰ੍ਹੇ ਦੇ ਸੂਰਜਾ ਐਸਾ ਕਰੀਂ ਉਪਾਅ।
ਨੇਤਾ ਨੀਤੀਵਾਨ ਦਾ ਮਿੱਠਾ ਬਣੇ ਸੁਭਾਅ।

ਨਵੇਂ ਵਰ੍ਹੇ ਦੇ ਸੂਰਜਾ ਐਸੀ ਛੇੜ ਤਰੰਗ।
ਮਾਵਾਂ ਦੇ ਪੁੱਤ ਮਰਨ ਨਾ, ਛਿੜੇ ਨਾ ਕਿਧਰੇ ਜੰਗ।

ਨਵੇਂ ਵਰ੍ਹੇ ਦੇ ਸੂਰਜਾ ਜਗ ਨੂੰ ਬਖ਼ਸ਼ ਨੁਹਾਰ।
ਬੰਦੇ ਵਿਚੋਂ ਦਿਸ ਪਵੇ ਬੰਦੇ ਨੂੰ ‘ਕਰਤਾਰ’।

## ਸੁੱਖਾਂ ਦਾ ਵਰ੍ਹਾ ਚੜ੍ਹਾ ਦਾਤਾ !

ਹਰ ਐਸਾ ਔਂਦਾ ਸਾਲ ਚੜ੍ਹੇ,
ਚਾਵਾਂ ਦੀ ਨਿੱਤ ਧਮਾਲ ਚੜ੍ਹੇ,
ਲੈ ਅਮਨ ਚੈਨ ਦੀ ਸ਼ਾਲ ਚੜ੍ਹੇ,
ਸੁੱਚ-ਕਿਰਤ ਕਰਮ ਦੀ ਫ਼ਾਲ ਚੜ੍ਹੇ।

ਨਿੱਤ ਰੀਝਾਂ ਤੇ ਖੇੜੇ ਉਪਜਣ,
ਨਿੱਤ ਚਾਵਾਂ ਦਾ ਪ੍ਰਤਾਪ ਰਹੇ,
ਨਿੱਤ ਉਨਤੀ ਦੇ ਰਸਤੇ ਖੁੱਲ੍ਹਣ,
ਕੁੱਲ ਜੀਵਨ ਨਿਰ-ਸੰਤਾਪ ਰਹੇ।

ਨਿੱਤ ਸੁਪਨੇ ਹੋਵਣ ਫਲੀਭੂਤ,
ਨਿੱਤ ਸੁਰਖ਼ਰੂਈ ਦਾ ਮੇਲ ਰਹੇ,
ਨਿੱਤ ਸੁੱਖ ਸੁਨੇਹੇ ਦਏ ਦੂਤ,
ਜਗ ਖ਼ੁਸ਼ੀਆਂ ਭਰਿਆ ਖੇਲ ਰਹੇ।

ਹਰ ਆਸ ਹੀ ਪਾਉਂਦੀ ਰਾਸ ਰਹੇ,
ਇਕ ਦੂਜੇ ਦਾ ਇਹਸਾਸ ਰਹੇ,
ਕੁਦਰਤ ਦੇ ਵਿਚ ਵਿਸ਼ਵਾਸ ਰਹੇ
ਮਨ-ਮਸਤਕ ਵਿਚ ਪ੍ਰਕਾਸ਼ ਰਹੇ।



ਨਿੱਤ ਨਿੱਘਾਂ ਦਾ ਰਸ ਰੰਗ ਰਹੇ,
ਨਵ-ਵਰਸ਼ੀ ਕਿਰਨ ਚੜ੍ਹੇ ਐਸੀ,
ਹਰ ਪਲ ਕੁਝ ਨਵੀਂ ਉਮੰਗ ਰਹੇ,
ਰਾਜ਼ਕ ਸੂਰਤ ਕੁਝ ਘੜੇ ਐਸੀ।

ਧਰਮਾਂ ਦਾ ਪਰਸਪਰ ਪਿਆਰ ਦਿਸੇ,
ਹਰ ਜਗਿਆਸੂ ਸਰਸ਼ਾਰ ਦਿਸੇ,
ਦੂਤੀ ਵੀ ਬਣਿਆ ਯਾਰ ਦਿਸੇ,
ਹਰ ਬੰਦੇ 'ਚੋਂ 'ਕਰਤਾਰ' ਦਿਸੇ।

ਕੁਝ ਐਸਾ ਰੰਗ ਚੜ੍ਹਾ ਦਾਤਾ,
ਕੁਝ ਸ੍ਵੈ-ਵਿਸ਼ਵਾਸ ਜਗਾ ਦਾਤਾ,
ਸਭ ਸਿੱਧੇ ਰਸਤੇ ਪਾ ਦਾਤਾ,
ਸੁੱਖਾਂ ਦਾ ਵਰ੍ਹਾ ਚੜ੍ਹਾ ਦਾਤਾ।

## ਸਮੀਰੋ ਮੋਹ ਦੀਉ !

(ਸਮੁੰਦਰੋਂ ਪਾਰ ਵਸਦੇ ਬੱਚਿਆਂ ਦੇ ਨਾਂ)

ਸਮੀਰੋ ਮੋਹ ਦੀਉ ਝੁੱਲੋਂ ਸਦਾ ਹਰ ਅਰਸ਼ 'ਤੇ ਝੁਲੋ।
ਕਦੇ ਪਰ ਅਪਣੇ ਵਤਨੀਂ-ਪਰਤਣਾ ਨਾ ਭੁੱਲ ਕੇ ਭੁੱਲੋ !

ਹੈ ਬੇਸ਼ਕ ਸਾਂਭਿਆ ਇਹ ਗਿਰਝਾਂ, ਨਾਗਾਂ, ਲਕੜ ਬੱਗਿਆਂ ਨੇ,
ਹੈ ਫਿਰ ਵੀ ਦੇਸ਼ ਅਪਣਾ ਕਰ ਕੇ ਕੁਝ ਇਹਦੇ ਲਈ ਫੁੱਲੋ।

ਬੜੀ ਜ਼ਰਖੇਜ਼ ਧਰਤੀ ਦਿਲ ਦੀ ਹੈ ਜੋ ਚਾਹੋ ਉਪਜੇਗਾ,
ਅਕਾਰਨ ਹੀ ਨਾ ਧਰਤੀ ਹੋਰ ਦਾ ਮੋਹ ਪਾਲਕੇ ਡੁੱਲ੍ਹੋ।

ਮੈਂ ਅਪਣੀ ਤ੍ਰੇਹ ਬੁਝਾਵਣ ਲਈ ਨਾ ਰਿਸ਼ਤੇ ਜੋੜਨੇ ਲੋਚਾਂ,
ਤੁਸੀਂ ਸੋਨਾ, ਰਹੋ ਸੋਨਾ, ਨਾ ਆ ਕੇ ਭੋਂਹ ਦੇ ਭਾਅ ਤੁੱਲੋ।

ਤੁਹਾਡਾ ਰੰਗ ਵਖਰਾ ਹੈ, ਤੁਹਾਡੀ ਹੈ ਨੁਹਾਰ ਅਡਰੀ,
ਅਸਾਡੇ ਖ਼ੂਨ 'ਚੋਂ ਉਪਜੇ ਗੁਲਾਬੀ ਰੰਗ ਦੇ ਫੁੱਲੋ।

ਬਿਰਧ ਬੂਟੇ ਬਗ਼ੀਚੇ ਦੇ, ਨੇ ਲੂ ਠਾਰੀ ਨੇ ਝੰਬ ਸੁੱਟੇ,
ਦਿਉ ਨਿੱਘਾਂ, ਉਡੇ ਠਾਰੀ, ਸੁਖਾਵੀਂ ਬਣਕੇ 'ਵਾ ਝੁੱਲੋ।

ਤੁਹਾਡਾ ਆਪਣਾ 'ਕਰਤਾਰ' ਰਾਹ ਦੇਖੇ ਦਿਨੇ-ਰਾਤੀਂ,
ਤੁਹਾਡਾ ਮਨ ਭਲਾ ਨਹੀਂ ਲੋਚਦਾ : ਜੁੱਲੋ, ਵਤਨ ਜੁੱਲ ! !



## ਕਿੰਞ ਤੈਨੂੰ ਭੁੱਲ ਜਾਵਾਂ !

ਕਿੰਞ ਤੈਨੂੰ ਭੁੱਲ ਜਾਵਾਂ, ਵੇ ਸਜਣਾ !
ਕਿੰਞ ਤੈਨੂੰ ਭੁੱਲ ਜਾਵਾਂ?

ਸਾਂਝਾਂ ਦੀ ਲੰਮੀ ਤੰਦ ਪਾ ਕੇ ਪ੍ਰੇਮ ਗਲੋਟ ਅਟੇਰੇ।
ਦੂਰ ਦੁਰਾਡੇ ਤੁਰ ਗਏ ਸਾਰੇ ਰਹੇ ਨ ਤੇਰੇ ਮੇਰੇ।
ਤੂੰ ਵੀ ਛੱਡ ਕੇ ਤੁਰ ਗਿਉਂ ਸੱਜਣਾ,
ਮੈਂ ਕਿਧਰ ਨੂੰ ਜਾਵਾਂ ! ਵੇ ਸਜਣਾਂ, ਤੈਨੂੰ ਕਿੰਞ ਭੁੱਲ ਜਾਵਾਂ?

ਯਾਦ ਤੇਰੀ ਦੇ ਉਠਣ ਉਲੰਬੇ, ਔਖੇ ਹੋ ਗਏ ਸਹਿਣੇ।
ਯਾਦਾਂ ਦੇ ਝੁਰਮਟ ਵਿਚ ਫਾਥਾ, ਜਿੰਦ ਪੈ ਗਈ ਗਹਿਣੇ।
ਮਨ-ਮੰਦਰ ਵਿਚ ਬਹਿ ਕੇ ਦੱਸੀ,
ਗੀਤ ਕਿਵੇਂ ਨਾ ਗਾਵਾਂ ! ਵੇ ਸੱਜਣਾਂ, ਤੈਨੂੰ ਕਿਵੇਂ ਭੁਲਾਵਾਂ?

ਦਰਦ ਅਵੱਲੇ ਨੂੰ ਨਾ ਸਮਝਣ, ਮੀਤ ਕਿਵੇਂ ਭੁੱਲ ਜਾਵੇ।
ਹਮਦਰਦੀ ਜਤਲਾਵੇ ਦੁਨੀਆਂ, ਤਰਸ ਜਿਹਾ ਪਈ ਖਾਵੇ।
ਰੋਮ ਰੋਮ ਵਿਚ ਵਸਿਐਂ ਸੱਜਣਾ,
ਕਿਹੜੇ ਤਖ਼ਤ ਬਹਾਵਾਂ ! ਵੇ ਸੱਜਣਾ, ਤੈਨੂੰ ਕਿਵੇਂ ਭੁਲਾਵਾਂ?

ਅਗਲਾ ਮਾਰਗ ਭੀੜਾਂ ਭਰਿਆ, ਜਿੰਦ ਰਹਿ ਗਈ ਇਕੱਲੀ।
ਮਨ ਦੀ ਹਰ ਤੰਦੀ ਵਿਚ ਬਝ ਗਈ, ਜਾਪੇ ਗ਼ਮ ਦੀ ਛੱਲੀ।
ਕਿਹੜੇ ਗ਼ਮ ਨੂੰ ਦੱਸ ਉਲਾਘਾਂ,
ਕਿਹੜਾ ਸੀਨੇ ਲਾਵਾਂ ! ਵੇ ਸੱਜਣਾ, ਤੈਨੂੰ ਕਿਵੇਂ ਭੁਲਾਵਾਂ?

## ਘੁੱਪ ਹਨੇਰੀ ਰਾਤ ਹੈ !

ਘੁੱਪ ਹਨੇਰੀ ਰਾਤ ਹੈ
ਆਓ ਦੀਪ ਜਗਾਈਏ।
ਘਰ ਘਰ ਪਸਰੇ ਨ੍ਹੇਰ ਨੂੰ
ਰਲ ਦੂਰ ਭਜਾਈਏ।

ਹਰ ਘਰ ਅੰਦਰ ਛੱਤ 'ਤੇ ਨ੍ਹੇਰੇ ਹੀ ਉੱਗਣ।
ਅਕ਼ਲਾਂ ਵਾਲੇ ਦੋਸਤਾਂ ਨੂੰ ਕੀਕਣ ਪੁੱਗਣ?
ਰਲ ਮਿਲ ਬੱਤੀ ਸੀਖੀਏ,
ਵਿਚ ਤੇਲ ਵੀ ਪਾਈਏ।
ਮੱਸਿਆ ਵਾਲੀ ਰਾਤ ਹੈ ਆਓ..............।

ਹਰ ਘਰ ਦੀਪਕ ਜੇ ਜਗੇ ਤਾਂ ਖ਼ੈਰ ਮੁਬਾਰਿਕ।
ਹਰ ਘਰ ਹੋਵੇ ਦੋਸਤੋ ਚਾਨਣ ਦਾ ਧਾਰਕ !
ਹਰ ਘਟ ਰਲ ਮਿਲ ਝੂਨੀਏ,
ਅਕ਼ਲਾਂ ਵਰਤਾਈਏ।
ਮੱਸਿਆ ਵਾਲੀ ਰਾਤ ਹੈ ਆਓ................।

ਹਰ ਸਾਗਰ ਹਰ ਲਹਿਰ-ਬੁਲਬੁਲਾ ਲਟ ਲਟ ਚਮਕੇ।
ਹਰ ਘਟ ਵਰਤੇ ਗਿਆਨ ਧਿਆਨ ਦਾ ਦੀਪਕ ਦਮਕੇ।
ਹਰ ਨ੍ਹੇਰੀ ਕੰਦਰ 'ਚੋਂ
ਬਿਛੂਏ ਮਾਰ ਮੁਕਾਈਏ।
ਮੱਸਿਆ ਵਾਲੀ ਰਾਤ ਹੈ ਆਓ..................।

ਨ੍ਹੇਰੇ ਹੋਵਣ ਦੂਰ ਜਗਤ ਸਭ ਹੋਵੇ ਸੁਖੀਆ।
ਹਰ ਘਟ ਅੰਦਰ ਜਗ ਪਵੇ ਦੀਪਕ ਚੌਮੁਖੀਆ।
ਇਸ ਚੋਮੁਖੀਏ ਦੀਪ ਦੀ,
ਸਭ ਖ਼ੈਰ ਮਨਾਈਏ।
ਮੱਸਿਆ ਵਾਲੀ ਰਾਤ ਹੈ ਆਓ..................।

ਦੀਪਕ ਦਾ ਵਿਸ਼ਵਾਸ ਕੀ ਮਿੱਟੀ ਦਾ ਬਣਿਆ।
ਤੇਲ ਬਲੇ ਤਾਂ ਚਾਨਣਾ ਬੱਤੀ ਨੇ ਜਣਿਆ।
ਜਿੰਨੀ ਛੇਤੀ ਹੋਏ,
ਕਰੋ ਯਤਨਾਂ ਦੇ ਦਾਈਏ।
ਘੁੱਪ ਨੇਰੀ ਰਾਤ ਹੈ ਆਓ.....................।



## ਪੀੜ ਅਸਾਨੂੰ ਦਹਿਦਿਸ ਘੇਰੇ !

ਪੀੜ ਅਸਾਨੂੰ ਦਹਿ ਦਿਸ ਘੇਰੇ,
ਇਹ ਪੀੜਾ ਨਹੀਂ ਅਜ਼ਲੀ ਪੀੜਾ,
ਅਸੀਂ ਆਪੂੰ ਦਰਦ ਸਹੇੜੇ !

ਰੱਬ ਨੇ ਸਾਨੂੰ ਪੈਦਾ ਕੀਤਾ, ਮਾਨਵ ਰੂਪ ਬਣਾਇਆ।
ਇਸ ਵਿਚ ਨੂਰੀ ਜੋਤਿ ਜਗਾਈ, ਹਿਰਦੇ ਨੂੰ ਸੁਲਝਾਇਆ।
ਪਰ ਸਾਡੇ ਜਾਦੂਗਰ ਨੇਤਾ,
ਪਾਉਂਦੇ ਰੋਜ਼ ਬਖੇੜੇ।
ਅਕ਼ਲਾਂ ਬਾਝੋਂ ਗਏ ਹਾਂ ਮੁੱਠੇ, ਆਪੂੰ ਦਰਦ ਸਹੇੜੇ !

ਸਰਮਾਇਆਦਾਰੀ ਨੇ ਸਾਡੇ ਤੇਲ ਜੜ੍ਹਾਂ ਵਿਚ ਪਾਇਆ।
ਦੁਸ਼ਮਣ ਜਾਪੇ ਅੱਜ ਅਸਾਨੂੰ ਅਪਣੇ ਮਾਂ-ਪਿਉ ਜਾਇਆ।
ਮੈਂ ਹਿੰਦੂ, ਮੈਂ ਸਿੱਖ, ਮੈਂ ਮੁਸਲਿਮ,
ਮਜ਼੍ਹਬੀ ਝਗੜੇ ਛੇੜੇ।
ਅਕ਼ਲਾਂ ਬਾਝੋਂ ਗਏ ਹਾਂ ਲੁੱਟੇ, ਆਪੂੰ ਦਰਦ ਸਹੇੜੇ।

ਕੁਝ ਨੇਤਾ ਜੋ ਸਾਡੇ ਰਹਿਬਰ, ਸਾਡੇ ਵੈਰੀ ਹੋਏ।
ਸਾਡੇ ਸਿਰ 'ਤੇ ਐਸ਼ ਹੈ ਹੁੰਦੀ, ਸਾਡਾ ਹੀ ਲਹੂ ਚੋਏ।
ਇਹ ਮਰ ਕੇ ਵੀ ਅਮਰ ਨੇ ਥੀਂਦੇ,
ਸਾਨੂੰ ਜੀਵੰਦਿਆਂ ਨੂੰ ਝੇੜੇ।
ਅਕ਼ਲਾਂ ਬਾਝੋਂ ਠੱਗੇ ਜਾਈਏ, ਆਪੂੰ ਦਰਦ ਸਹੇੜੇ !

ਸਾਰੇ ਹਾਂ ਪੰਜਾਬੀ ਆਪਾਂ ਮਾਂ ਪੰਜਾਬੀ ਬੋਲੀ।
ਇਸ ਵਿਚ ਸਾਡੀਆਂ ਜੀਵਨ ਸੱਧਰਾਂ ਪਲ ਪਲ ਮਿਸ਼ਰੀ ਘੋਲੀ।
ਮਾਂ ਤੋਂ ਹੋ ਕੇ ਮੁਨਕਿਰ ਯਾਰੋ,
ਅੱਲੇ ਜ਼ਖ਼ਮ ਉਚੇੜੇ।
ਅਕ਼ਲਾਂ ਬਾਝੋਂ ਹਰ ਪਲ ਅਪਣੇ ਆਪੂੰ ਦਰਦ ਸਹੇੜੇ।

ਪੀੜ ਅਸਾਨੂੰ ਦਹਿ ਦਿਸ ਘੇਰੇ,
ਇਹ ਪੀੜਾ ਨਹੀਂ ਅਜ਼ਲੀ ਪੀੜਾ,
ਅਸੀਂ ਆਪੂੰ ਦਰਦ ਸਹੇੜੇ !

# ਅਕ਼ਲਾਂ ਦਾ ਮੌਸਿਮ !!

ਮਨ ਲੋਚੇ ਹੁਣ ਸੱਜਣ ਦੀ,
ਅਕ਼ਲਾਂ ਦਾ ਮੌਸਿਮ ਆਵੇ।
ਹੁਣ ਤਾਂ ਰੂਹ ਜਜ਼ਬੇ ਨੂੰ ਛਾਣੇ
ਅਕ਼ਲਾਂ ਨੂੰ ਪਰਨਾਵੇ !

ਅਕ਼ਲਾਂ ਬਾਝ ਗੁਜ਼ਾਰਾ ਕਿੱਥੇ ਜ਼ੋਸ ਕਹਿਰ ਵਰਤਾਵੇ।
ਜੋਸ਼ ਨੂੰ ਰਖੀਏ ਹੋਸ਼ 'ਚ ਤਾਂ ਰੂਹ ਅਕ਼ਲਾਂ ਨੂੰ ਲੜ ਲਾਵੇ।
ਅਕ਼ਲ ਨਾਲ ਜਗ ਜਿਤਿਆ ਜਾਵੇ,
ਜਜ਼ਬਾ ਠੇਡੇ ਖਾਵੇ।
ਮਨ ਲੋਚੇ ਹੁਣ ਸੱਜਣ ਦੀ
ਅਕ਼ਲਾਂ ਦਾ ਮੌਸਿਮ ਆਵੇ !
ਕਿਥੋਂ ਆਏ ਖ਼ਜਾਨੇ ਵਿਚ ਧਨ ਕਿਧਰ ਰੁੜ੍ਹਿਆ ਜਾਵੇ।
ਅਕ਼ਲ ਲਵੇ ਜੇ ਸਹੀ ਸਿੱਖਿਆ, ਗੱਲ ਖ਼ਾਨੇ ਵਿਚ ਪਾਵੇ।
ਖ਼ੂਨ ਪਸੀਨੇ ਜਨਤਾ ਦੇ ਨੂੰ
ਕਿਹੜਾ ਕਿਵੇਂ ਲੁਟਾਵੇ?
ਮਨ ਲੋਚੇ ਹੁਣ ਸੱਜਣ ਜੀ,
ਅਕ਼ਲਾਂ ਦਾ ਮੌਸਿਮ ਆਵੇ !
ਜ਼ਾਤ ਦੇ ਨਾਂ 'ਤੇ ਕਦੇ ਉਛਾਲੇ, ਕਦੇ ਧਰਮ ਦੀਆਂ ਝੇਡਾਂ।
ਬੰਦਾ ਰਹਿਣ ਨਾ ਦਏ ਕਿਸੇ ਨੂੰ, ਸਭ ਹੋ ਜਾਂਦੇ ਭੇਡਾਂ।
ਨੋਟਾਂ ਵੱਟੇ ਵੋਟ ਲਵੇ
ਫਿਰ ਨਾਦਰਸ਼ਾਹੀ ਚਲਾਵੇ।
ਮਨ ਲੋਚੇ ਹੁਣ ਸੱਜਣ ਜੀ,
ਅਕ਼ਲਾਂ ਦਾ ਮੌਸਿਮ ਆਵੇ !
ਉਮਰ ਹੋ ਗਈ ਸਹਿੰਦੜ ਹੋ ਗਏ ਪਰ ਭਿੱਤੀ ਨਾ ਖੁੱਲ੍ਹੀ।
ਲੋਕਾਂ ਹੱਥੋਂ ਖੁਸਦੀ ਜਾਵੇ ਕੁਲੀ, ਗੁੱਲੀ, ਜੁੱਲੀ।
ਹਾਲੇ ਵੀ ਗੱਲ ਸਮਝ ਨਾ ਆਈ,
ਭਰੀਏ ਹੌਕੇ ਹਾਵੇ।
ਮਨ ਲੋਚੇ ਹੁਣ ਸੱਜਣ ਜੀ,
ਅਕ਼ਲਾਂ ਦਾ ਮੌਸਿਮ ਆਵੇ।
ਮਨ ਲੋਚੇ ਹੁਣ ਸੱਜਣ ਜੀ, ਅਕ਼ਲਾਂ ਦਾ ਮੌਸਿਮ ਆਵੇ।
ਹੁਣ ਤਾਂ ਰੂਹ ਜਜ਼ਬੇ ਨੂੰ ਛਾਣੇ, ਅਕ਼ਲਾਂ ਨੂੰ ਪਰਨਾਵੇ।



# ਬਸੰਤ ਦਾ ਗੀਤ

ਖੇਤਾਂ ਦੇ ਵਿਚ ਸਰ੍ਹਵਾਂ ਫੁੱਲੀਆਂ
ਆਈ ਰੁੱਤ ਬਸੰਤੀ।
ਲਗਰ ਲਗਰ 'ਤੇ ਛਾ ਗਿਆ ਜੋਬਨ
ਆ ਗਈ ਫੂਲਾਂ ਵੰਤੀ।
ਗਿੱਧਿਆਂ ਦੇ ਵਿਚ ਪੈਣ ਧਮਾਲਾ, ਅੱਡੀ ਟੱਪਾ ਵੱਜੇ।
ਸਜ ਕੇ ਆਈ ਬਸੰਤੋ ਰਾਣੀ, ਨੱਚ ਨੱਚ ਕੇ ਨਾ ਰੱਜੇ।
ਨੇਹਾ ਨੂੰ ਪਈ ਕਹੇ ਬਸੰਤੋ, ਆ ਜਾ ਖ਼ੁਸ਼ੀ ਮਨਾਈਏ।
ਖਿੜੀ ਹੋਈ ਇਸ ਜੋਬਨ-ਰੁੱਤੇ, ਜੋਤੀ ਨਾਲ ਰਲਾਈਏ।
ਰੁੱਤ ਦੇ ਵਾਂਗਰ ਹੋ ਜਾਵੇ, ਹਰ ਨਾਰੀ ਜੋਬਨ ਵੰਤੀ।
ਖੇਤਾਂ ਦੇ ਵਿਚ ਸਰ੍ਹਵਾਂ ਫੁੱਲੀਆਂ !

ਆਪਾਂ ਸੂਟ ਬਸੰਤੀ ਪਾ ਕੇ, ਸਭ ਬਸੰਤੀ ਹੋਈਏ।
ਏਸ ਰੁੱਤ ਦੇ 'ਜੀ ਆਇਆਂ ਨੂੰ' ਤੇਲ ਬਰੂਹੀਂ ਚੋਈਏ।
ਕੁੱਲ ਵਿਤਕਰੇ ਦੂਰ ਭਜਾ ਕੇ, ਬੀਜ ਪਿਆਰ ਦੇ ਬੋਈਏ।
ਪਿਆਰ ਦੇ ਰੰਗ ਵਿਚ ਰੰਗੇ ਜਾਕੇ, ਮੈਲ ਮਨਾਂ ਕੀ ਧੋਈਏ।
ਰਲ ਮਿਲ ਖਾਉ ਬਸੰਤੀ ਜ਼ਰਦਾ, ਕਰੇ ਨਾ ਕੋਈ ਮਹੰਤੀ।
ਖੇਤਾਂ ਦੇ ਵਿਚ ਸਰ੍ਹਵਾਂ ਫੁੱਲੀਆਂ !

ਸਭ ਦੇ ਮਾਪੇ ਖ਼ੁਸ਼ੀ ਮਨਾਵਣ, ਬਾਲਾਂ ਦੀ ਸੁੱਖ ਲੋਚਨ।
ਮੁਟਿਆਰਾਂ ਵੀ ਕੰਤਾਂ ਵਾਲੀਆਂ, ਸ਼ੁਭ ਸੋਚਾਂ ਹੀ ਸੋਚਣ।
ਮਾਵਾਂ ਦੇ ਪੁੱਤ ਗਭਰੂ ਹੋ ਕੇ ਚੋਖੀਆਂ ਕਰਨ ਕਮਾਈਆਂ।
ਆ ਕੇ ਲੈਣ ਅਸੀਸਾਂ ਸੱਭੇ ਨੋਹਾਂ ਸੱਜ ਵਿਆਹੀਆਂ।
ਤਰਨਜੋਤ ਦੇ ਹਾਣੀ ਸਾਰੇ ਫਿਰਦੇ ਰੰਗ ਰਗੰਤੀ।
ਖੇਤਾਂ ਦੇ ਵਿਚ ਸਰ੍ਹਵਾਂ ਫੁੱਲੀਆਂ !

ਲੋਚਾ ਸਭ ਬਜ਼ੁਰਗਾਂ ਦੀ ਹੈ, ਖ਼ੈਰ ਵੱਸਣ ਪੰਜਾਬੀ।
ਹਰ ਗੱਭਰੂ ਦੇ ਚਾਅ ਪਏ ਮੌਲਣ, ਚਿਹਰੇ ਫੁੱਲ ਗੁਲਾਬੀ।
ਛਿੰਝਾਂ ਪੈਣ 'ਤੇ ਦੁੱਗਣ ਵੱਜੇ, ਭੰਗੜੇ ਦੀ ਸਰਦਾਰੀ।
ਹਰ ਇਕ ਮਿਰਜ਼ਾ ਕਰਦਾ ਜਾਪੇ 'ਬੱਕੀ' ਦੀ ਅਸਵਾਰੀ।
ਪਰ ਕੋਈ ਸਾਹਿਬਾਂ ਨਾ ਦਿੱਸੇ ਭੱਥਾ ਫਿਰੇ ਟਗੰਤੀ।
ਖੇਤਾਂ ਦੇ ਵਿਚ ਸਰ੍ਹਵਾਂ ਫੁਲੀਆਂ
ਆ ਗਈ ਰੁੱਤ ਬਸੰਤੀ !
ਲਗਰ ਲਗਰ 'ਤੇ ਛਾ ਗਿਆ ਜੋਬਨ,
ਆ ਗਈ ਫੂਲਾਂ ਵੰਤੀ !!

## ਹੋ ਗਿਆ ਤਬਾਹ !!

ਜ਼ਿੰਦਗੀ ਨੇ ਰੰਗ ਅਜ਼ਮਾਏ ਬਹੁਤੇ
ਸਾਡੇ ਉਤੇ
ਰੱਖਿਆ ਸੂ ਚੱਕਰਾਂ 'ਚ ਪਾ।

ਜਦੋਂ ਅਸੀਂ ਚਾਨਣੇ 'ਚ ਆਏ ਸੀ
ਤਾਂ ਜ਼ਿੰਦਗੀ ਨੇ
ਇਕ ਠੰਢਾ ਹਉਕਾ ਸੀ ਲਿਆ।

ਫੁੱਲਾਂ ਦਾ ਛਲਾਵਾ ਉਹਨੇ
ਪਾਲਣੇ 'ਚ ਸੂਲਾਂ ਪਾ ਕੇ
ਦਿੱਤਾ ਸਾਨੂੰ ਉਨ੍ਹਾਂ 'ਤੇ ਲਿਟਾ।

ਸੋਚਿਆ ਨਾ ਉਹਨੇ ਕਿ ਇਹ
ਕੋਮਲ ਬਲੂਰ ਜੇਹਾ
ਝੱਲ ਸੱਕੂ ਏਨਾਂ ਤੱਤਾ ਤਾਅ।

ਗੱਦੀ 'ਤੇ ਬਿਠਾਏ ਜਦੋਂ
ਆਪੇ ਹੀ ਜਗੀਰਦਾਰ
ਸਾਡਾ ਕਿਥੋਂ ਹੋਣਾ ਸੀ ਭਲਾ।

ਆਪਣੇ ਤਾਂ ਧੀਆਂ ਪੁੱਤ
ਸਾਰੇ ਇਨ੍ਹਾਂ ਨੀਤੀਵਾਨਾਂ
ਸਿਆਸਤ 'ਚ ਲੀਤੇ ਨੇ ਟਿਕਾ।

ਬਣ ਗਈ ਸ਼੍ਰੇਣੀ ਇਕ ਵੱਖ
ਨੀਤੀਵਾਨਾਂ ਦੀ ਹੈ,
ਸਾਨੂੰ ਰਹੇ ਆਪੋ 'ਚ ਲੜਾ।



ਸਾਗ ਸੱਤੂ ਖਾ ਕੇ ਅਸੀਂ
ਕਰਦੇ ਗੁਜ਼ਾਰਾ ਹੈ ਸੀ
ਉਹ ਵੀ ਹੁਣ ਅਸਾਂ ਤੋਂ ਗਿਆ।

ਮਹਿੰਗ ਨੇ ਹਾਂ ਮਾਰੇ ਪਰ
ਮੌਕਿਆ ਦਾ ਲਾਭ ਲੈ ਕੇ,
ਰੱਜਵਾਂ ਲਗਾਇਆ ਇਨ੍ਹਾਂ ਦਾਅ।

ਰੋਟੀ ਰੋਜ਼ੀ ਖੋਹੀ ਸਾਡੀ
ਵੱਡਿਆ ਅਦਾਰਿਆਂ ਨੇ,
ਚੜ੍ਹਿਆ ਨੇਤਾਵਾਂ ਤਾਂਈ ਚਾਅ।

ਗੋਲਮਾਲ ਕੀਤਾ ਇਨ੍ਹਾਂ
ਰੱਜ ਰੱਜ ਇਹਦੇ ਵਿਚੋਂ,
ਕਹਿਣ ਕੀਤਾ ਦੇਸ਼ ਦਾ ਭਲਾ।

ਦੇਸ਼ ਦੀ ਜਵਾਨੀ ਨੂੰ
ਨਕਾਰਾ ਕੀਤਾ ਰਲ ਮਿਲ,
ਕੀਤਾ ਜੀਹਨੇ ਬਾਹਰ ਦਾ ਵਹਾਅ।

ਖ਼ੁਸ਼ ਨੇਤਾ ਡਾਢੇ ਨੇ
ਕਿ ਬੁੱਧੀਵਾਨ ਗਭਰੂ ਇਹ
ਟਲ ਗਈ ਉਨ੍ਹਾਂ ਤੋਂ ਬਲਾਅ।

ਦੇਸ਼ ! ਮੇਰੇ ਦੇਸ਼ !!
ਬਿਨਾਂ ਹੌਕਿਆਂ ਤੋਂ ਪੱਲੇ ਹੁਣ
ਮਾਪਿਆਂ ਦੇ ਕੁਝ ਨਾ ਰਿਹਾ।

ਦੇਸ਼ ਤੇਰਾ ਹੋ ਗਿਆ ਤਬਾਹ
ਦੇਖ਼ ਬਾਪੂ ਗਾਂਧੀ
ਦੇਸ਼ ਤੇਰਾ ਹੋ ਗਿਆ ਤਬਾਹ !!

# ਔਹ ਆਈ ਪ੍ਰਭਾਤ !

ਔਹ ਆਈ ਪ੍ਰਭਾਤ,
ਸਜਣ ਜੀ, ਔਹ ਆਈ ਪ੍ਰਭਾਤ !
ਊਸ਼ਾ ਦੇ ਮੱਥੇ 'ਚੋਂ ਵਰ੍ਹਦੀ
ਰੰਗਾਂ ਦੀ ਬਰਸਾਤ, ਸਜਣ ਜੀ !

ਚਾਨਣ ਦੇ ਝਰਨੇ ਝਰਨੌਂਦੀ,
ਮਿੱਠੇ ਮਿੱਠੇ ਗੀਤ ਅਲੌਂਦੀ,
ਘੋਗਲ ਕੰਨਿਆਂ ਤਾਈਂ ਸੁਣੌਂਦੀ।
'ਜਾਗੋ, ਜਾਗੋ, ਜਾਗੋ', ਆਖੇ ! ਮੁੱਕ ਗਈ ਹੈ ਰਾਤ। ਸੱਜਣ ਜੀ......

ਹੋਇਆ ਹਨੇਰਾ ਛਾਈਂ-ਮਾਈ,
ਹਰ ਕੰਦਰ ਵਿਚ ਜੋਤ ਜਗਾਈ,
ਜੀਵਨ ਦੀ ਧੜਕਣ ਧੜਕਾਈ।
ਆਲਸ ਵਿਚੋਂ ਕੁਝ ਨਾ ਲੱਭੇ, ਉੱਦਮ ਦੀ ਔਕਾਤ । ਸੱਜਣ ਜੀ.....

ਕਿਰਤੀ ਹੱਥ ਹਥੋੜੀ ਚਾਈ,
ਦਾਤੀ ਕਿਰਸਾਨਾਂ ਦੰਦਰਾਈ,
ਸਾਂਭਣ ਦੇ ਲਈ ਕਿਰਤ ਕਮਾਈ।
ਲੋਟੂ ਦੇ ਮਨ ਸਹਿਮ ਉਪਜਿਆ, ਬਦਲ ਚਲੇ ਹਾਲਾਤ। ਸੱਜਣ ਜੀ....
ਮੀਰ ਕਾਫ਼ਿਲੇ ਦਾ ਫਿਰ ਉਠਿਆ,
ਉਠਕੇ ਸ਼ੁਭ ਕਰਮਨ ਵਿਚ ਜੁਟਿਆ,
ਮੁੜ ਔਣੈ ਸਭ ਲੁਟਿਆ ਪੁਟਿਆ।
ਕਿਰਤ ਮੁੜੀ ਤਾਂ ਸਮਝੋ ਮਿਲ ਗਈ, ਮਿਹਨਤ ਨੂੰ ਸੌਗਾਤ। ਸੱਜਣ ਜੀ....

ਲੋਕਾਂ ਗਿਆਨ ਦਾ ਅੰਜਨ ਪਾਇਆ,
ਮਨ ਦੀ ਸੋਝੀ ਜਗਤ ਜਗਾਇਆ।
ਕੁਦਰਤ ਦੀ ਲੀਲਾ ਵਿਚ ਰਚਕੇ, ਪਾਈ ਅਨੂਠੀ ਝਾਤ। ਸੱਜਣ ਜੀ...

ਊਸ਼ਾ ਦੇ ਮੱਥੇ 'ਚੋਂ ਵਰ੍ਹਦੀ,
ਰੰਗਾ ਦੀ ਬਰਸਾਤ
ਸੱਜਣ ਜੀ, ਔਹ ਆਈ ਪ੍ਰਭਾਤ !!



# ਅਮਲਾਂ ਬਾਝੋਂ ਗੰਦੇ !

ਘਿਰਣਾ ਦੇ ਵਸ ਹੋਈ ਭੀੜ ਦੇ
ਹੱਥ ਵਿਚ ਪਕੜੇ ਵੱਟੇ,
ਇਹ ਦੱਸਦੇ ਨੇ ਲੋਕ ਆਪਣੀ ਸਭਿਅਤਾ ਤੋਂ ਕੱਟੇ।

ਹਰ 'ਹਸਾਸ ਅੱਖ ਦੇ ਵਿਚੋਂ
ਤ੍ਰਿਪ ਤ੍ਰਿਪ ਹੰਝੂ ਚੋਵੇ,
ਮਾਨਵਤਾ ਵਿਚ ਡੁੱਬੀ ਹੋਈ, ਖ਼ੂਨ ਦੇ ਅਥਰੂ ਰੋਵੇ।

ਸਾਂਝੇ ਪੀਰ ਫ਼ਕੀਰ ਕਦੇ ਸਨ
ਸਾਂਝੀਆਂ ਪਿੱਪਲ-ਛਾਵਾਂ,
ਪਰ ਅੱਜ ਸੱਤ ਬੇਗਾਨੀਆਂ ਹੋਈਆਂ, ਆਪਣੀਆਂ ਹੀ ਮਾਵਾਂ।

ਖੇਡ ਵਿਦੇਸ਼ੀ ਕ੍ਰਿਕਟ ਦੀ ਤਾਂ
ਸਭ ਨੂੰ ਚੰਗੀ ਲੱਗੇ,
ਮਾਨਵਤਾ ਨੂੰ ਮਾਨਣ ਪੱਖੋਂ, ਅਸੀਂ ਸੁਦੇਸ਼ੀ ਢੱਗੇ।

ਕੋਈ ਸਿੱਖ ਬਣਿਆ ਕੋਈ ਹਿੰਦੂ,
ਅਸੀਂ ਰਹੇ ਨਾ ਬੰਦੇ,
ਬਾਬੇ ਨਾਨਕ ਸਚ ਕਿਹਾ ਸੀ, ਅਮਲਾਂ ਬਾਝੋਂ ਗੰਦੇ।

ਸਾਡੇ ਪਰਚਾਰਕ ਵੀ ਹੁਣ ਤਾਂ
ਸਿਆਸਤਦਾਨ ਨੇ ਹੋਏ,
ਅਪਣੇ ਪਾਪਾਂ ਨੂੰ ਹੁਣ ਕੋਈ, ਕਿਹੜੀ ਗੰਗਾ ਧੋਏ !

## ਐਸਾ ਬੰਦਾ ਰੋਊ ਕਿਵੇਂ !?

ਲੋਕਾਂ ਕੋਲੋਂ ਲੁਕ ਲੁਕ
ਕਾਨਾ ਜਿਹਾ ਘੁੰਡ ਕੱਢ,
ਸੱਜ ਪਰਣਾਈ ਵਾਂਗੂ, ਮੌਤ ਸ਼ਰਮਾਈ ਜਾਵੇ !

ਆਖੇ ਦੱਸੋ ਕਿਵੇਂ ਵਰਾਂ?
ਏਸ ਭਲੇ ਆਦਮੀ ਨੂੰ,
ਸੋਚਣ ਤੋਂ ਪਹਿਲਾਂ ਹੀ ਜੋ, ਨੇੜੇ ਨੇੜੇ ਆਈ ਜਾਵੇ !

ਮੌਤ ਨੂੰ ਵੀ ਜਿਹੜਾ ਹੁਣ
ਜ਼ਿੰਦਗੀ ਦਾ ਦਾਨ ਦੇ ਕੇ,
ਰਗਾਂ ਵਿਚ ਉਹਦੇ ਨਵਾਂ ਖ਼ੂਨ ਗਰਮਾਈ ਜਾਵੇ !

'ਕਾਲੜਾ' ਕਹੇ ਆਪਾਂ ਤਾਂ
ਤਿਆਰ ਹਰ ਵੇਲੇ ਬੈਠੇ,
ਉਹਦੇ ਕੋਲ ਜਾਣੈ ਜਿਹੜੀ ਔਣੋਂ ਸ਼ਰਮਾਈ ਜਾਵੇ !

ਤੁਸੀਂ ਆਓ, ਸੌਰ ਜਾਵੇ
ਸ਼ਾਇਦ ਕੁਝ ਤੁਸਾਂ ਦਾ ਵੀ,
ਆਪਣੇ ਅਲੋਚਕਾਂ ਨੂੰ ਇਉਂ ਰਾਹੇ ਪਾਈ ਜਾਵੇ !

ਓਸਦਾ ਕੀ ਵਿਗੜੂ
ਸਵਾਰਦਾ ਜੋ ਸਾਰਿਆਂ ਦਾ,
ਪਸਰੀ ਆਲੂਦਗੀ ਨੂੰ ਸਾਫ਼ ਜੋ ਕਰਾਈ ਜਾਵੇ !

ਮੈਂ ਨਾ ਮਾਨੂੰ
ਭਾਵੇਂ ਕਹੀ ਜਾਣ ਸਾਰੇ ਉੱਤੋਂ ਉੱਤੋਂ,
ਵਿਚੋਂ ਹਰ ਏਕ ਉਹਦੇ ਕੰਮ ਨੂੰ ਸਲਾਹੀ ਜਾਵੇ।



ਬੰਦਾ ਹੈ ਗਿਆਨੀ
ਅਭਿਮਾਨੀ ਵੀ ਨਹੀਂ ਕਦੇ ਡਿੱਠਾ,
ਬੁੱਕੀ ਛੱਜੀਂ ਗਿਆਨ ਵੰਡੇ, ਗਿਆਨ ਪਸਰਾਈ ਜਾਵੇ।

ਯਾਰੋ ਆਓ ਬੰਨ੍ਹੋ
ਨਵੇਂ ਕਪੜੇ ਪੁਆਓ ਮੈਨੂੰ,
ਮੌਤ ਰਾਣੀ ਐਵੇਂ ਕਾਹਨੂੰ ਖੇਚਲਾਂ ਉਠਾਈ ਜਾਵੇ।

ਬੰਨ੍ਹ ਕੇ ਗ਼ੁਬਾਰੇ
ਫੁਲਕਾਰੀ ਇਕ ਉਤੇ ਪਾ ਕੇ,
ਡੋਲੀ ਏਸ 'ਕਾਲੜੇ' ਦੀ ਚੰਗੂੰ ਹੀ ਸਜਾਈ ਜਾਵੇ।

ਆਯਾ ਤਾਂ ਸੀ ਰੋਂਦਾ
ਜਾਊ ਹੱਸਦਾ ਜਹਾਨ ਵਿਚੋਂ,
ਰੋਂਦਾ ਇਹਨੇ ਜਾਣਾ ਨਹੀਂਉਂ ਗੱਲ ਪੱਕੀ ਜਾਣ ਲੈ।

ਜ਼ਿੰਦਗੀ 'ਚ ਸਦਾ
ਭਲਾ ਲੋਚਿਆ ਮਨੁੱਖਤਾ ਦਾ,
ਐਸਾ ਬੰਦਾ ਰੋਊ ਕਿਵੇਂ ਸੱਚ ਇਹ ਪਛਾਣ ਲੈ?

✯

## ਰਾਤ ਦੀਏ ਰਾਣੀਏ ਨੀ !

ਮਹਿਕ, ਮਹਿਕ, ਮਹਿਕ, ਮਹਿਕ,
ਰਾਤ ਦੀਏ ਰਾਣੀਏ ਨੀ,
ਨ੍ਹੇਰਿਆਂ 'ਚ ਮਹਿਕਾਂ ਨੂੰ ਖਿਲਾਰ।
ਨ੍ਹੇਰਿਆਂ ਨੂੰ ਮਹਿਕਾਂ ਦਾ ਅਨੰਦ ਜਦੋਂ ਆਉਣ ਲੱਗਾ,
ਚਾਨਣੇ ਦੀ ਆਊਗੀ ਬਹਾਰ !

ਸੂਰਜੇ ਨੂੰ ਹੋਊਗਾ ਇਹਸਾਸ, ਕਾਹਨੂੰ ਛੁੱਪ ਗਿਆ,
ਕੁੰਜ ਲੀਤੀ ਉਹਨੇ ਕਾਹਨੂੰ ਲੋਅ !
ਲੋਕ ਜਾਂ ਸੁਗੰਧੀਆਂ 'ਚ ਰੰਗ ਕੇ ਮਸਤ ਹੋਏ
ਪੁੱਜੂ ਉਹਦੇ ਤੀਕ ਖ਼ੁਸ਼ਬੋ। ਰਾਤ ਰਾਣੀਏ ਨੀ....

ਚੰਦਾ ਦਾ ਸਰੂਪ ਜਦੋਂ ਖਿੜਕੇ ਸਵਾਇਆ ਹੋਇਆ,
ਸੂਰਜੇ ਨੂੰ ਆਊ ਡਾਢੀ ਲਾਜ।
ਚੰਦਾ ਵਾਲੀ ਕਾਲਖ ਤਾਂ ਉਡ ਪੁਡ ਜਾਊ ਸਾਰੀ,
ਰਾਤ ਰਾਣੀ ਕਰੂ ਰਾਤੀਂ ਰਾਜ ! ਰਾਤ ਰਾਣੀਏ ਨੀ.....

ਚਾਨਣੇ ਦੇ ਫੁੱਲ ਜਦੋਂ ਬੂਟਿਆਂ ਨੂੰ ਪੈਣ ਲੱਗੇ,
ਨ੍ਹੇਰਿਆਂ ਦਾ ਆਪੇ ਹੈ ਵਿਨਾਸ।
ਜ਼ੱਰਾ ਜ਼ੱਰਾ ਚਾਨਣੇ ਦੀ ਧਾਰੇਗਾ ਨੁਹਾਰ ਜਦੋਂ,
ਚਾਨਣੇ ਦਾ ਹੋਊਗਾ ਵਿਕਾਸ। ਰਾਤ ਰਾਣੀਏ ਨੀ......

ਚਾਨਣੇ ਦੀ ਲੋਅ ਰਚ-ਮਿਚ ਜਾਊ ਸਾਰਿਆਂ 'ਚ,
ਆਰ ਪਾਰ ਚਾਨਣੇ ਦਾ ਸੰਗ।
ਰੂਪ ਸੰਸਾਰ ਦਾ ਸ਼ਿੰਗਾਰ ਹੋਊ ਲੋਆਂ ਨਾਲ,
ਚਾਨਣੇ ਦੀ ਮਨਾਂ 'ਚ ਉਮੰਗ। ਰਾਤ ਰਾਣੀਏ ਨੀ....

ਮਹਿਕ, ਮਹਿਕ, ਮਹਿਕ, ਮਹਿਕ,
ਰਾਤ ਦੀਏ ਰਾਣੀਏ ਨੀ,
ਨ੍ਹੇਰਿਆਂ 'ਚ ਮਹਿਕਾਂ ਨੂੰ ਖਿਲਾਰ।
ਨ੍ਹੇਰਿਆਂ ਨੂੰ ਮਹਿਕਾਂ ਦਾ ਅਨੰਦ ਜਦੋਂ ਆਉਣ ਲੱਗਾ,
ਚਾਨਣੇ ਦੀ ਆਊਗੀ ਬਹਾਰ !



## ਮੈਂ ਤੇਰਾ ਸਿਰਜਕ ਹਾਂ ਮੌਲਾ !

ਮੈਂ ਤੇਰਾ ਸਿਰਜਕ ਹਾਂ ਮੌਲਾ !
ਫਿਰ ਵੀ ਮੱਥੇ ਟੇਕ ਟੇਕ ਕੇ,
ਕਰ ਲਿਆ ਅਪਣਾ ਝਾਟਾ ਧੌਲਾ !!

ਜਦ ਮੈਨੂੰ ਕੁਦਰਤ ਨੇ ਰਚਿਆ,
ਮੈਂ ਸੈਭੰ, ਚੋਂ ਬਾਹਰ ਆਇਆ।
ਝਾਤੀ ਪਾ ਕੇ ਉਸ ਸੈਭੰ ਨੂੰ,
ਮੈਂ ਆਪਣੇ ਅੰਦਰ ਹੀ ਪਾਇਆ।
ਭਟਕਣ ਵਧੀ ਤਾਂ ਬਾਹਰੋਂ ਲੱਭਾਂ, ਹੋ ਗਿਆ ਕੱਖੋਂ ਹੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ !!

ਹੌਲਾ ਹੋ ਕੇ ਬਾਹਰ ਬਹਿ ਗਿਆ,
ਲਾ ਅਪਣਾ ਦਰਬਾਰ ਬਹਿ ਗਿਆ।
ਸੈਭੰ ਵਾਲੀ ਹੋਸ਼ ਗਵਾਚੀ
ਹੋ ਕੇ ਖ਼ੁਦ ਦੋ ਚਾਰ ਬਹਿ ਗਿਆ।
ਬਸ ਏਸੇ ਉਲਝਣ ਵਿਚ ਫਸਕੇ, ਪੈ ਗਿਆ ਵਡਾ ਘਚੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ !!

ਫਿਰ ਮੈਂ ਇਕ ਅਵਧੂਤ ਵੇਖਿਆ,
ਬਣਿਆ ਬੈਠਾ ਭੂਤ ਵੇਖਿਆ।
ਮਸਤੀ ਦੇ ਰੰਗ ਰੰਗਿਆ ਹੋਇਆ,
ਕੁਲ ਦੁਨੀਆਂ ਦਾ ਭੂਪ ਵੇਖਿਆ।
ਉਸ ਦੇ ਤਾਈਂ ਰੱਬ ਜਿਤਵ ਕੇ, ਖ਼ੁਦ ਹੋਇਆ ਸ਼ਾਹ ਦੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ !!

ਸ਼ਾਹ ਦੌਲਾ ਮੈਂ ਐਸਾ ਹੋਇਆ,
ਥਾਂ ਥਾਂ ਨਵਾਂ ਵਿਗੋਚਾ ਹੋਇਆ।
ਅਪਣੇ ਰੱਬ ਦੀ ਪੂਜਾ ਦੇ ਵਿਚ
ਭਟਕ ਭਟਕ ਕੇ ਨਿੱਤ ਨਿੱਤ ਮੋਇਆ।
ਰੱਬ ਜਾਂ ਚਿਤਵ ਲਿਆ ਤਾਂ ਥਾਂ ਥਾਂ, ਪੈ ਗਿਆ ਉਸ ਦਾ ਰੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ !!

ਹੌਲਾ ਹੋ ਮੁੜ ਅੰਦਰ ਵੜਿਆ,
ਅੰਦਰੋਂ ਮੈਂ ਫਿਰ ਆਪਾ ਪੜ੍ਹਿਆ।
ਸਿਰਜ ਲਈ ਜਦ ਅਪਣੀ ਮਾਯਾ।
ਅੰਦਰੋਂ ਹੀ ਮੁੜ ਚਾਨਣ ਪਾਇਆ।
ਚਾਨਣ ਚਾਨਣ ਹੋ ਜਦ ਤੱਕਿਆ, ਮੁੱਕਿਆ ਰੌਲ ਘਚੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ!!

ਨਾ ਉਹ ਮੈਨੂੰ ਮੰਦਰੀਂ ਮਿਲਿਆ,
ਨਾ ਉਸ ਨੂੰ ਗੁਰਦਵਾਰੇ ਡਿੱਠਾ।
ਉਸ ਦਾ ਅਸਲੀ ਰੂਪ ਭਾਲਦਾ,
ਮੈਂ ਤਾਂ ਹੋਏ ਗਿਆ ਅਭਰਿੱਠਾ।
ਲਭਦੇ ਲਭਦੇ ਆਖਰ ਉਸਦਾ, ਪਿਅ ਮਨੁੱਖ 'ਚੋਂ ਝੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ!!

ਤੂੰ ਡਾਢਾ ਮਗ਼ਰੂਰ ਹੋ ਗਿਆ।
ਲੋਕਾਂ ਕੋਲੋਂ ਦੂਰ ਹੋ ਗਿਆ।
ਕਿਰਤੀ ਤੋਂ ਨਿਰਲੇਪ ਹੋ ਗਿਆ,
ਮਲਿਕ ਭਾਗੋ ਦੀ ਖੇਪ ਹੋ ਗਿਆ।
ਸਿਰਜਕ ਉਲਟ ਮਜ਼ੌਰਾਂ ਪਾਸੋਂ, ਕਰਵਾਉਂਦਾ ਫਿਰਦਾ ਹੱਥ ਹੌਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ!!

ਫਿਰ ਵੀ ਮੱਥੇ ਟੇਕ ਟੇਕ ਕੇ
ਕਰ ਲਿਆ ਅਪਣਾ ਝਾਟਾ ਧੋਲਾ।
ਮੈਂ ਤੇਰਾ ਸਿਰਜਕ ਹਾਂ ਮੌਲਾ!!

✯

---

*ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨੀ ਪੰਜਾਬ) ਵਿਚ ਖਿਉੜੇ ਦੀ ਪਹਾੜੀ ਦੇ ਪੈਰਾਂ ਵਿਚ ਰਾਮਨਗਰ ਦੇ ਲਾਗੇ ਦੌਲੇ ਸ਼ਾਹ ਦਾ ਡੇਰਾ ਹੈ ਜਿਥੇ ਜੰਮਦੇ ਮੁੰਡਿਆਂ ਨੂੰ ਡੇਰੇ 'ਤੇ ਭੇਟਾ ਕਰ ਆਉਂਦੇ ਹਨ ਉਹ ਬੱਚੇ ਦੇ ਸਿਰ 'ਤੇ ਲੋਹ ਟੋਪ ਕੱਸ ਛੱਡਦੇ ਹਨ ਜਿਸ ਕਾਰਨ ਦਿਮਾਗ਼ ਦਾ ਵਿਕਾਸ ਨਹੀਂ ਹੁੰਦਾ। ਉਨ੍ਹਾਂ ਨੂੰ ਦੌਲੇ ਸ਼ਾਹ ਦੇ ਚੂਹੇ ਕਿਹਾ ਜਾਂਦਾ ਹੈ।*



✯

- ਉਸ ਤਰ੍ਹਾਂ ਤਾਂ ਜ਼ਿੰਦਗੀ ਹਰ ਪਲ ਬੜੀ ਸੁੰਦਰ ਮਿਲੀ।
  ਪਰ ਅੜੌਣੀ ਕੁਝ ਨਾ ਕੁਝ ਹਰ ਪੈਰ 'ਤੇ ਅਕਸਰ ਮਿਲੀ।

- ਨੇਕ-ਨੀਤੀ ਤੋਂ ਵਿਹੂਣੀ, ਧਰਮ ਦੀ ਨੱਗਾਰਚਨ,
  ਧਰਤ ਮੇਰੇ ਸ਼ਹਿਰ ਦੀ ਈਮਾਨ ਤੋਂ ਬੰਜਰ ਮਿਲੀ।

- ਕਾਰ, ਕੋਠੀ, ਅਫ਼ਸਰੀ, ਇਜ਼ਤ ਮਿਲੀ, ਨੌਕਰ ਮਿਲੇ,
  ਸੱਚ ਦੇ ਕੱਜਣ ਬਿਨਾਂ ਪਰ ਆਤਮਾ ਬੇ-ਘਰ ਮਿਲੀ।

- ਰਾਹ ਵਿਚ ਬੇਸ਼ਕ ਮਿਲੇ ਕੁਝ ਮਤਲਬੀ 'ਤੇ ਚਾਪਲੂਸ,
  ਜ਼ਿੰਦਗੀ ਦੇ ਅੰਤ 'ਤੇ ਬੇਦਾਗ਼ ਇਕ ਚਾਦਰ ਮਿਲੀ।

- 'ਕਾਲੜੇ' ਨੂੰ ਤਾਂ ਮਿਲੀ ਬੇਦਾਗ਼ ਚਾਦਰ ਅੰਤ ਵਿਚ,
  ਅੱਖ ਵਿਚ ਬੀਵੀ ਦੇ ਪਰ, ਹਰ ਵਿਲਕਦੀ ਸੱਧਰ ਮਿਲੀ।

- ਸਭ ਸਰ੍ਹਾਲਾਂ, ਨਾਗ, ਬਿਛੂਏ ਤਾਂ ਮਿਲੇ ਗੱਦੀ ਨਸ਼ੀਨ,
  ਇਕ ਭਲੀ ਮਨੁੱਖਤਾ ਹੀ ਭਟਕਦੀ ਦਰ-ਦਰ ਮਿਲੀ।

- ਬਾਹਰੀ ਧੋਖੇ ਤੋਂ ਡਰਕੇ ਪਾਈ ਜਦ ਅੰਦਰ ਨੂੰ ਝਾਤ,
  'ਕਾਲੜੇ' ਨੂੰ ਪਾਰਸਾਈ ਅਪਣੇ ਮਨ ਅੰਦਰ ਮਿਲੀ।

✡

- ਹਉਕਿਆਂ ਅੱਗ ਨਹੀਂ, ਬਾਲੀ ਹਰਾਰਤ ਦਿੱਤੀ।
ਜ਼ਿੰਦਗੀ ਤਾਂਈਂ ਜੋ ਗਰਮਾਏ ਉਹ ਖ਼ਸਲਤ ਦਿੱਤੀ।

- ਇਕ ਨਜ਼ਰ ਤੇਰੀ ਨੇ ਮਾਨਵ ਦੀ ਮੁਹੱਬਤ ਦਿੱਤੀ।
ਮੁਸ਼ਕਿਲਾਂ ਨਾਲ ਉਲਝ ਸਕਣੇ ਦੀ ਹਿੰਮਤ ਦਿੱਤੀ।

- ਸ਼ਾਇਰੀ ਕਰਨ ਤੋਂ ਪਹਿਲਾਂ ਤੂੰ ਕਰੀਂ ਮਨ ਨਿਰਮਲ,
ਸ਼ਬਦਾਂ ਦੇ ਰਾਹ ਪਿਆਂ ਬਾਪੂ ਨਸੀਹਤ ਦਿੱਤੀ।

- ਤਕ ਵੀ ਲਵਾਂ, ਸਮਝ ਲਵਾਂ, ਪਹੁੰਚ ਕੇ ਗਹਿਰਾਈ ਵਿਚ,
ਮੇਰੇ ਮੌਲਾ ਨੇ ਹੈ ਮੈਨੂੰ ਇਹ ਤਾਕ਼ਤ ਦਿੱਤੀ।

- ਡੁੱਬਣੇ ਜਦ ਮੈਂ ਗਿਆ ਲਹਿਰਾਂ ਥਪੇੜੇ ਮਾਰੇ,
ਜ਼ਿੰਦਗੀ ਜੂਝ ਕੇ ਜੀਣੇ ਦੀ ਹਦਾਇਤ ਦਿੱਤੀ।

- ਸਿੰਮ ਪਿਐ ਪਿਆਰ ਦਾ ਇਕ ਝਰਨਾ ਮੇਰੇ ਹਿਰਦੇ 'ਚੋਂ,
'ਕਾਲੜਾ' ਵੰਡਦਾ ਹੈ 'ਕਰਤਾਰ' ਦੀ ਦੌਲਿਤ ਦਿੱਤੀ।

============================================

- ਹੋਵੇ ਗੱਲ ਤੇਰੇ ਕਿਰਦਾਰ ਦੀ ਭਗਤ ਸਿੰਘਾ,
ਸਾਡੇ ਨੇਤਾ ਸੱਚ ਜਾਣੀ ਬੌਣੇ ਬੌਣੇ ਜਾਪਦੇ ਨੇ !



✡

- ਖੜਸੁੱਕ ਰੁੱਖ ਤੋਂ ਲਵੀਆਂ ਲਗਰਾਂ ਭਾਲ ਰਹੇ।
ਭੋਲੇ ਪੰਛੀ ਭਰਮ ਕਿਜੇਹੇ ਪਾਲ ਰਹੇ।

- ਸਾਡੇ ਹਿੱਸੇ ਭਾਵੇਂ ਲੱਖ ਭੁਚਾਲ ਰਹੇ।
ਪਰ ਹਰ ਪੈਰ ਪੜਾਅ 'ਤੇ ਅਸੀਂ ਕਮਾਲ ਰਹੇ।

- ਸਾਨੂੰ ਮਾਨ ਹੈ ਯਾਰੋ ਅਪਣੀ ਹਸਤੀ 'ਤੇ,
ਸਾਡੀ ਹਸਤੀ ਦੇ ਵਿਚ ਆਪ ਗੁਪਾਲ ਰਹੇ।

- ਅਸੀਂ ਮੁਹੱਬਤ ਦੇ ਸ਼ੈਦਾਈ ਹਾਂ, ਤਾਂ ਹੀ
ਟੇਢੇ ਮੇਢੇ ਸਾਡੇ ਯੋਗ ਸਵਾਲ ਰਹੇ !

- ਉਹ ਹੀ ਜਾਨ ਮੇਰੀ ਦੀ ਖ਼ੈਰ ਹੈ ਮੰਗ ਸਕਦਾ,
ਦੁੱਖ ਸੁੱਖ ਦੇ ਵਿਚ ਜਿਹੜਾ ਹਿਰਦੇ ਨਾਲ ਰਹੇ।

- ਭੋਲਾ ਪੰਛੀ ਬਚ ਗਿਆ ਫਾਹੀਵਾਲਾਂ ਤੋਂ,
ਪੈਰ ਪੈਰ 'ਤੇ ਜੋ ਨੇ ਲਾਉਂਦੇ ਜਾਲ ਰਹੇ।

- ਜੜ੍ਹ ਤੋਂ ਜੋ ਟੁੱਟ ਜਾਵੇਗਾ ਸੁੱਕ ਜਾਵੇਗਾ,
ਤਾਂ ਹੀ ਕੌਮੀ ਵਿਰਸਾ ਅਸੀਂ ਸੰਭਾਲ ਰਹੇ।

- ਬੁੱਢੀ ਕੋਠੀ ਸਹਿਜ ਰੂਪ ਵਿਚ ਧੜਕ ਸਕੇ,
ਗਭਰੂ ਤਾਂ ਹੀ ਬਿਖ਼ਮ ਘਾਲਣਾ ਘਾਲ ਰਹੇ।

- ਜਿਨ੍ਹਾਂ ਅੰਦਰ ਲਾਟ ਸੂਰਜੀ ਬਲਦੀ ਹੈ !
ਉਨ੍ਹਾਂ ਨੂੰ ਇਕਸਾਰ ਹੁਨਾਲ ਸਿਆਲ ਰਹੇ

- ਦੁਨੀਆਂ ਪੋਈਏ, ਦੁੜਕੀ, ਰੇਬ ਫਿਰੇ ਦੌੜੀ[1],
ਐਪਰ ਸਦਾ 'ਕਾਲੜਾ' ਅਪਣੀ ਚਾਲ ਰਹੇ।

[1] ਘੋੜੇ ਦੀਆਂ ਚਾਲਾਂ ਦੇ ਨਾਂ ਹਨ

✡

- ਜਦੋਂ ਜੀਵਨ ਦੀ ਹਰ ਕੰਦਰ ’ਚੋਂ ਮਘਦੀ ਲਾਲਸਾ ਨਿਕਲੇ।
  ਤਾਂ ਖੁਸ਼ੀਆਂ ਦੀ ਪਰਤ ਹੇਠੋਂ ਵੀ ਕੋਈ ਹਾਦਸਾ ਨਿਕਲੇ।

- ਮੁਹੱਬਤ ਦੀ ਸਦਾਅ ਵੱਟੇ ਜਦੋਂ ਕੋਈ ਗਿਲਾ ਨਿਕਲੇ,
  ਤਾਂ ਆਸ਼ਕ ਕੀ ਸਮਝ ਸਕਦੈ ਇਹ ਕਿਸ ਗੱਲ ਦੀ ਸਜ਼ਾ ਨਿਕਲੇ।

- ਬੜਾ ਉਡ ਉਡ ਭਰੇ ਪੰਛੀ ਅਕਾਸ਼ਾਂ ਦੇ ਖ਼ਲਾਵਾਂ ਨੂੰ,
  ਖ਼ੁਦ ਅੰਦਰ ਝਾਤ ਜਦ ਪਾਵੇ ਉਹਦੇ ਅੰਦਰੋਂ ਖ਼ਲਾਅ ਨਿਕਲੇ।

- ਜਦੋਂ ਕਰਦਾ ਹੈ ਕੋਈ ਖ਼ੁਦਕਸ਼ੀ ਮਜਬੂਰ ਹੋ ਕੇ ਤਾਂ,
  ਵਿਗੋਚਾ ਆਰਥਿਕ ਨਿਕਲੇ ਯਾ ਦਿਲ ਦਾ ਮਾਮਲਾ ਨਿਕਲੇ।

- ਜਦੋਂ ਸ਼ੈਤਾਨ ਸਿਆਸਤਦਾਨ ਬਣ ਜਾਵੇ ਤਾਂ ਫਿਰ ਉਸ ਦੀ,
  ਹਰ ਉਠਦੀ ਸੋਚ ਦੇ ਘੇਰੇ ’ਚੋਂ ਕੋਈ ਕਰਬਲਾ ਨਿਕਲੇ।[1]

- ਕਿਸੇ ਵੀ ਪਾਰਟੀ ਦੇ ਮੰਤਰੀ ਦਾ ਫੋਲੀਏ ਚਿੱਠਾ,
  ਜੋ ਬਾਹਰੋਂ ਠੋਸ ਲੱਗਦਾ ਹੈ ਉਹ ਅੰਦਰੋਂ ਖੋਖਲਾ ਨਿਕਲੇ।

- ਹੈ ਜਿਸ ਵੀ ਵੋਟ ਦੀ ਨੀਤੀ ਨੂੰ ਅਪਣਾ ਧਰਮ ਮੰਨ ਲੀਤਾ,
  ਵਫ਼ਾ ਨਈਂ ਪਾਲ ਸਕਦਾ ਉਹ ਹਮੇਸ਼ਾ ਦੋਗਲਾ ਨਿਕਲੇ।

- ਜਿਹਦੀ ਰਗ ਰਗ ’ਚ ਕੁੱਟ ਕੁੱਟ ਕੇ ਵਫ਼ਾ ਦਾ ਨਾਮ ਭਰਿਆ ਸੀ,
  ਉਹੀ ਸੰਵਿਧਾਨ ਦੀ ਸਹੁੰ ਖਾਣ ਪਿਛੋਂ ਬੇ-ਵਫ਼ਾ ਨਿਕਲੇ।

- ਜਿਨ੍ਹੇਂ ਮੁਲ ਲੈਣ ਖ਼ਾਤਿਰ ਨੌਕਰੀ ਵੇਚੇ ਸਿਆੜ੍ਹ ਅਪਣੇ,
  ਉਹ ਕੁਰਸੀ ਸਾਂਭ ਕੇ ਕਿਸ ਆਸ ਉਤੇ ਪਾਰਸਾ ਨਿਕਲੇ।

- ਬੜੇ ਦੇਖੇ ਨੇ ਮਾਇਆ ਦੇਖ ਕੇ ਬਚਨੋਂ ਫਿਰਨ ਵਾਲੇ,
  ਕੋਈ ਵਿਰਲਾ ਹੀ ਨਿਕਲੇ ਸਤਿ-ਖੁਰਖ ਜਿਉ ‘ਕਾਲੜਾ’ ਨਿਕਲੇ।

---

[1] *ਕਰਬਲਾ ਦੇ ਮੈਦਾਨ ਵਿਚ ਕਾਫਰਾਂ ਨਾਲ ਜੰਗ ਕਰਦੇ ਹੋਏ ਹਜ਼ਰਤ ਇਮਾਮ ਹੁਸੈਨ ਦੇ ਦੋ ਸਪੁੱਤਰ ਹਸਨ ਅਤੇ ਹੁਸੈਨ ਸ਼ਹੀਦ ਹੋ ਗਏ ਸਨ ਜਿਨ੍ਹਾਂ ਦੀ ਯਾਦ ਵਿਚ ਮੁਸਲਮਾਨ ਹਰ ਸਾਲ ਤਾਜ਼ੀਏ ਕਢਦੇ ਹਨ।*



✡

- ਜਦੋਂ ਤਾਰਾ ਜਾਂ ਕੋਈ ਚਾਨਣਾ ਹੀ ਨਾ ਨਜ਼ਰ ਆਵੇ !
  ਹਨੇਰੇ ਵਕ਼ਤ ਵਿਚ ਮਹਿਬੂਬ ਦੀ ਕੀਕਣ ਖ਼ਬਰ ਆਵੇ !

- ਕਿਤੋਂ ਚਾਨਣ ਦਾ ਪਲ ਜੇ ਤਰਸ ਖਾ ਕੇ ਜ਼ਿਹਨ ਵਿਚ ਉਤਰੇ,
  ਤਾਂ ਸਿਰਜੇ ਅਕ਼ਲ ਦਾ ਮੌਸਿਮ ਕੋਈ ਕਾਮਿਲ ਬਸ਼ਰ ਆਵੇ।

- ਭਰੀ ਮਹਿਫ਼ਿਲ ’ਚ ਜਾਦੂ ਧੂੜਿਆ ਜਦ ਵੀ ਕਲਾਕਾਰਾਂ,
  ਪਤਾ ਲਗਦਾ ਹੈ ਲੋਕਾਂ ਨੂੰ ਕਲਾ ਦਾ ਕੀ ਅਸਰ ਆਵੇ !

- ਹਸ਼ਰ ਚੰਗੇ ਲਈ ਜੋ ਪੰਜ ਨਮਾਜ਼ਾ ਨਿੱਤ ਅਦਾ ਕਰਦੈ,
  ਹਸ਼ਰ ਤਾਂ ਸਾਫ਼ ਹੈ ਉਸ ਦਾ ਅਣੋਖਾ ਕੀ ਹਸ਼ਰ ਆਵੇ !

- ਜਿਹਦਾ ਸਾਰਾ ਜਗਤ ਅਪਣੈ ਉਹਦਾ ਇਕ ਘਰ ਨਹੀਂ ਹੁੰਦਾ,
  ਨਹੀਂ ਬੇਗਾਨਾ ਦਰ ਕੋਈ, ਸਦਾ ਉਹ ਅਪਣੇ ਘਰ ਜਾਵੇ।

- ਅਜੇਹੇ ਸਾਹਸ ਵਾਲੇ ਪੰਛੀਆਂ ਦੀ ਤਾਂਘ ਮੰਜ਼ਿਲ ਨੂੰ,
  ਬਿਸ਼ਕ ਝੜ ਜਾਣ ਪਰ, ਮੰਜ਼ਿਲ ’ਤੇ ਪਰ ਹੋ ਕੇ ਬੇ-ਪਰ ਆਵੇ।

- ਕਿਹੀ ਜੀਵਨ ਦੀ ਬਣਤਰ ਹੈ ਤੇਰੇ ‘ਕਰਤਾਰ’ ਦੀ ਮੌਲਾ,
  ਜੋ ਜਗ ਦੀ ਪਾਲਣਾ ਹਿਤ ਆਪ ਖ਼ਦ ਤਾਈਂ ਵਿਸਰ ਜਾਵੇ।

✡

- ਇਹ ਮੈਂ ਹੀ ਜਾਣਦਾ ਹਾਂ ਜ਼ਿੰਦਗੀ ਤੇਰਾ ਨਸ਼ਾ ਕੀ ਏ !
ਤੇ ਸਿਰ ਧਰ ਕੇ ਤਲੀ 'ਤੇ ਜਿਉਣ ਦਾ ਹੁੰਦਾ ਮਜ਼ਾ ਕੀ ਏ !

- ਸ਼ਮ੍ਹਾ ਨੇ ਸਿੱਧ ਕੀਤੀ ਬੇਵਫਾਈ, ਸਾੜ ਕੇ ਭੰਬਟ,
ਤੇ ਭੰਬਟ ਸੜਕੇ ਦਸ ਦਿੱਤਾ ਹੈ ਜੋ ਹੁੰਦੀ ਵਫ਼ਾ ਕੀ ਏ !

- ਸਮਝ ਕਰ ਬੇ-ਸਮਝ ਨਾ ਮਹਿਲ 'ਵਾ ਵਿਚ ਤੂੰ ਉਸਾਰੀ ਜਾ,
ਹਵਾ ਵਿਚ ਮਹਿਲ ਰਚ ਕੇ ਸੱਜਣਾ ਦਸ ਲੱਭਣਾ ਕੀ ਏ?

- ਸ਼ਹੀਦਾਂ ਨੇ ਤਾਂ ਸਿਰ ਦੇ ਕੇ ਵਤਨ ਆਜ਼ਾਦ ਕਰਵਾਇਐ,
ਸਿਆਸੀ ਆਦਮੀ ਨੇ ਵਾਰ ਕੇ ਸਿਰ ਖੱਟਣਾ ਕੀ ਏ?

- ਭਲਾ ਜੇ ਪਿਆਰ ਦੇ ਤੁਣਕੇ ਨੇ ਧੁਰ ਤੀਕਰ ਨਾ ਖਿੱਚ ਕੀਤੀ,
ਤਾਂ ਦਿਲ ਨੂੰ ਕੀ ਪਤਾ ਲੱਗੂ ਕਿ ਦਿਲ ਦਾ ਮਾਮਲਾ ਕੀ ਏ?

- ਹਕੂਮਤ ਦੇ ਹਿੰਡੋਲੇ ਝੂਟਦੇ ਜੋ ਪੁਸ਼ਤ-ਦਰ-ਪੁਸਤੀਂ,
ਉਹ ਪੱਥਰ ਦਿਲ ਕੀ ਜਾਨਣ ਵੇਦਨਾ ਸੰਵੇਦਨਾ ਕੀ ਏ !

- ਲਡਾ ਕੇ ਲਾਡ ਵੱਧ ਪੁੱਤਾਂ 'ਤੋਂ ਜੋ ਹੈ ਪਾਲਦਾ ਧੀਆਂ,
ਉਹੋ ਬਾਬਲ ਸਮਝ ਸਕਦਾ ਹੈ ਧੀ ਦਾ ਵਿਛੜਨਾ ਕੀ ਏ !

- ਜਿਨ੍ਹਾਂ ਨੂੰ ਅਣਕਮਾਇਆ ਮਾਲ ਮਿਲ ਜਾਂਦਾ ਹੈ ਵਿਰਸੇ ਵਿਚ,
ਕਿਵੇਂ ਜਾਨਣ ਉਹ ਬੌਂਣੇ ਅਕ਼ਲ ਦੇ, ਬਈ ਘਾਲਣਾ ਕੀ ਏ !

- ਜੇ ਤੇਰਾ ਆਸਰਾ ਲੈ ਕੇ ਵੀ ਦਰ ਦਰ ਭਟਕਿਆ ਬੰਦਾ,
ਤਾਂ ਫਿਰ ਆਪੇ ਹੀ ਦਸ 'ਕਰਤਾਰ' ਤੇਰਾ ਆਸਰਾ ਕੀ ਏ?



✡

- ਸ਼ਿੰਗਰਫੀ ਕਿਰਨਾਂ ਦੇ ਮੂੰਹ 'ਤੇ ਮਲ ਗਿਐ ਪਾਰਾ ਕੋਈ।
ਤੁਰ ਗਿਆ ਹੈ ਗੰਧਲ ਕੇ ਆਕਾਸ਼ ਹੀ ਸਾਰਾ ਕੋਈ।

- ਚਾਨਣੀ ਬਦਰੰਗ ਹੈ 'ਤੇ ਚੰਨ ਕਾਲਾ ਹੋ ਰਿਹੈ,
ਕਰ ਗਿਐ ਮੈਲੀ ਨਿਖ਼ਤਰਾ ਦੂਧੀਆ ਬਾਰਾ ਕੋਈ।

- ਜ਼ਿੰਦਗੀ ਨੂੰ ਮੁੜ ਕੇ, ਜੀਵਨ ਦਾ ਨਵਾਂ ਉਤਸ਼ਾਹ ਮਿਲੇ,
ਹੱਕ ਪ੍ਰਸਤੀ ਦਾ ਜਦੋਂ ਵੀ ਲਾ ਗਿਐ ਨਾਅਰਾ ਕੋਈ।

- ਸੋਕੇ ਡੋਬੇ ਭੋਗਦੇ ਹਾਂ ਲੋਕ ਧਰਤੀ ਦੇ ਅਸੀਂ,
ਮਹਿਲ ਉਚੇ ਹੋ ਰਹੇ ਦਿਸਦਾ ਨਹੀਂ ਢਾਰਾ ਕੋਈ।

- ਉਮਰ ਭਰ ਤੋਂ ਤਕ ਰਿਹਾਂ ਭੌਰੇ ਦੇ ਇਸ ਕਿਰਦਾਰ ਨੂੰ,
ਜਦ ਕਲੀ ਹੱਸੀ-ਖਿਲੀ ਉਹ ਕਰ ਗਿਐ ਕਾਰਾ ਕੋਈ।

- ਰੋਜ਼ ਫੁੱਲਾਂ ਨੂੰ ਨਵਾਂ ਰੰਗ ਦੇਣ ਦਾ ਇਕਰਾਰ ਸੀ,
ਰੰਗ ਦੇ ਸਕਿਆ ਨਾ ਮਾਲੀ ਪਰ ਤੇਰਾ ਲਾਰਾ ਕੋਈ।

- ਤਸਕਰਾਂ ਲੈ ਕੇ ਸਿਆਸੀ ਓਟ ਜੰਗਲ ਵੇਚ ਲਏ,
ਹੋ ਗਿਐ ਸੰਵਿਧਾਨ ਕਾਣਾ, ਡੁਬ ਗਿਐ ਤਾਰਾ ਕੋਈ।

- ਸੱਠ ਸਾਲਾਂ ਵਿਚ ਸ਼ੁੱਧ ਪਾਣੀ ਤਾਂ ਦੇ ਪਾਏ ਨਹੀਂ,
ਦਾਰੂ ਦੇ ਦਰਿਆ 'ਚ ਰੁੜ੍ਹਿਆ ਬਾਪੂ ਦਾ ਲਾਰਾ ਕੋਈ।

- ਸਾਜ਼ ਦੀ ਟੁਣਕਾਰ ਅਬਦੀ ਰਸ ਹੈ ਭਰਦੀ ਗੀਤ ਵਿਚ,
ਗੀਤ ਦੇ ਵਿਚ ਢਲ ਗਿਐ ਜਦ ਰਚਯਤਾ ਸਾਰਾ ਕੋਈ।

- ਜੋ ਸਥਿਰ ਜੀਵਨ ਨੂੰ ਜਿਉਂਦਾ ਹੈ ਹਮੇਸ਼ਾ ਸਹਿਜ ਵਿਚ,
ਓਸ ਨੂੰ ਥਿੜਕਾ ਸਕੇ ਨਾ, ਵਾਦ ਜਾਂ ਧਾਰਾ ਕੋਈ।

- ਉਸ ਸੁਰੀਲੇ ਸਾਜ਼ ਦੀ ਟੁਣਕਾਰ ਤੋਂ ਇਉਂ ਜਾਪਦੈ,
ਸੱਤ ਸੁਰਾਂ ਵਿਚ ਰੰਗ ਗਿਆ ਹੋਵ ਜਿਉਂ ਇਕ ਤਾਰਾ ਕੋਈ।

- ਪਾ ਕੇ ਅੰਮ੍ਰਿਤਜਲ ਜੋ ਸਾਗਰ ਭਰਿਆ ਨਦੀਆਂ ਰੀਝ ਨਾਲ,
ਪਾ ਕੇ ਬਾਸ਼ਕ-ਨੇਤਰਾ ਹੈ ਕਰ ਗਿਆ ਖਾਰਾ ਕੋਈ।

- ਅਜ ਦੇ ਧ੍ਰਿਤਰਾਸ਼ਟਰ ਲਭਦੇ ਨੇ ਨਾਅਰੇ ਨਿੱਤ ਨਵੇਂ,
ਅਮਲ ਬਿਨ 'ਕਰਤਾਰ' ਪਰ ਕਿਸ ਕੰਮ ਦਾ ਨਾਅਰਾ ਕੋਈ।



- ਸੜਕ ਦਾ ਕੋਠੀ, ਮੁਹੱਲੇ ਦਾ, ਅਡੰਬਰ ਛੋੜ ਦੇ।
ਡਾਇਰੀ ਵਿਚ ਹੁਣ ਪਤੇ ਲਈ, ਫੋਨ ਨੰਬਰ ਛੋੜ ਦੇ।

- ਮਸਨਵੀ ਹੁਣ ਕਿਰਤ ਦੇ ਨਾਂ ਦੀ ਹੀ ਲਿਖਕੇ ਸਰੇਗਾ,
ਫੁਸਫੁਸ ਮਜ਼ਮੂਨ ਹੁਣ, ਦਾਰਾ ਸਿਕੰਦਰ ਛੋੜ ਦੇ।

- ਹੇ ਖ਼ੁਦਾ ! ਤੂੰ ਨਾ-ਖ਼ੁਦਾ ਨੂੰ ਅਕ਼ਲ ਦੇ ਲੋਕਾਂ ਲਈ,
ਬਹਿਣ ਨੂੰ ਕੁਝ ਧਰਤਿ, ਸਿਰ ਢੱਕਣ ਨੂੰ ਅੰਬਰ ਛੋੜ ਦੇ।

- ਮਜ਼੍ਹਬ ਦੇ ਨਾਂ 'ਤੇ ਨਵਾਂ ਨਿੱਤ ਨਾ ਘਚੋਲਾ ਮੁੜ ਪਵੇ,
ਰੱਬ ਵਰਗਾ ਸਾਬਤਾ, ਬੰਦੇ ਦਾ ਅੰਦਰ ਛੋੜ ਦੇ।

- ਜੀਵ ਕੁਦਰਤ ਦੇ ਵੀ ਕੁਦਰਤ ਰੱਬ ਦੀ ਨੇ ਬੰਦਿਆਂ,
ਉਨ੍ਹਾਂ ਲਈ ਜੰਗਲ ਕੋਈ ਪਰਬਤ ਦੀ ਕੰਦਰ ਛੋੜ ਦੇ।

- ਬੁੱਤ ਪ੍ਰਸਤੀ ਦੇ ਤੇ ਬੁੱਤ ਸ਼ਿਕਨੀ ਦੇ ਚੱਕਰੋਂ ਮੁਕਤ ਹੋ,
ਬਾਬਰੀ ਮਸਜਿਦ ਦਾ ਝੇੜਾ, ਰਾਮ ਮੰਦਰ ਛੋੜ ਦੇ ।

- ਨਾ ਨਚਾ 'ਕਰਤਾਰ' ਬੰਦੇ ਨੂੰ ਤੂੰ ਉਂਗਲਾਂ ਉੱਪਰੇ,
ਨੱਚਣੇ ਨੂੰ ਹੁਣ ਮਦਾਰੀ ਕੋਲ ਬੰਦਰ ਛੋੜ ਦੇ।

✯

- ਮੌਤ ਮੇਰੀ 'ਤੇ ਜੋ ਕੋਈ ਵੀ ਰੋਵੇਗਾ।
ਉਹ ਸੱਜਣ ਹੀ ਮੇਰਾ ਵੈਰੀ ਹੋਵੇਗਾ।

- ਮੈਂ ਤਾਂ ਜਾਂ ਬਹਿਣੈ ਬਾਪੂ ਦੀ ਗੋਦੀ ਵਿਚ
ਰੋਣੇ ਵਾਲਾ ਰਸਤਾ ਰੋਕ ਖਲੋਵੇਗਾ।

- ਹੋਂਦ ਮੇਰੀ ਦਾ ਕ਼ਤਰਾ ਹੋਂਦ ਵਡੇਰੀ ਵਿਚ,
ਸਾਗਰ ਦੇ ਵਿਚ ਰਲਕੇ ਸਾਗਰ ਹੋਵੇਗਾ।

- ਆਤਮ ਮੇਰਾ ਖ਼ੁਸ਼ ਹੈ ਜਿਹੜਾ ਮੰਜ਼ਿਲ 'ਤੇ,
ਪੁੱਜਕੇ ਪਰਮਾਤਮ ਦੇ ਵਿਚ ਸਮੋਵੇਗਾ।

- ਜਿਸ ਦੀ ਸੋਚ ਸਿਮਟ ਜਾਂਦੀ ਹੈ ਨਿੱਜ ਤੀਕਰ,
ਉਹ ਲੋਕਾਂ ਦੇ ਰਾਹ ਵਿਚ ਕੰਡੇ ਬੋਵੇਗਾ।

- ਕਾਲੇ ਯੁੱਗ ਵਿਚ ਕਿਹੜਾ ਚਿੱਟਾ ਚਿਹਰਾ ਹੈ?
ਜੋ ਅੰਦਰੋਂ ਬਾਹਰੋਂ ਦੁੱਧ-ਧੋਤਾ ਹੋਵੇਗਾ।

- ਤੇਰੀ ਰੂਹ ਅਮਰ ਹੈ ਹੇ 'ਕਰਤਾਰਾ' ਸੁਣ,
ਤੇਰਾ ਵਾਸਾ ਗੁਰ-ਚਰਨਾਂ ਵਿਚ ਹੋਵੇਗਾ।



✯

- ਨੇਤਾਵਾਂ ਦੀ ਫੂਹੜੀ ਡਾਹ ਕੇ,ਯਾਦ ਕਰੋ ਪੰਜ-ਆਬਾਂ ਨੂੰ।
ਹਾਕਮ ਬਨਣ ਲਈ ਵੰਡ ਮੰਨੀ, ਗੱਦੀ ਦੇ ਬੇਤਾਬਾਂ ਨੂੰ ।

- ਅਕ਼ਲਾਂ ਵਾਲਿਉਂ ਕੱਠੇ ਹੋ ਕੇ, ਸਾਂਭੋ ਇਨ੍ਹਾਂ ਉਕਾਬਾਂ ਨੂੰ,
ਦੁਨੀਆਂ ਅਜੇ ਵੀ ਬੁਸ ਬੁਸ ਕਰਦੀ, ਭਾਲ ਰਹੀ ਪੰਜ-ਆਬਾਂ ਨੂੰ।

- ਮਾੜੀ ਨੀਯਤ ਰੱਖ ਨੇਤਾਵਾਂ, ਜਨਤਾ ਨੂੰ ਭੁੰਨ ਖਾਧਾ ਹੈ,
ਖਾਲੀ ਹੱਡਾਂ ਦੇ ਵਿਚੋਂ ਵੀ, ਚੂੰਡਣ ਪਏ ਕਬਾਬਾਂ ਨੂੰ।

- ਲਾਲਚ ਨੇ ਐਸੇ ਰੰਗ ਚਾੜ੍ਹੇ ਵਿਰਸੇ ਮਿਲੀ ਸਿਆਸਤ 'ਤੇ,
ਸੁੱਤੇ ਜਾਗੇ ਖਾ ਗਈ ਸਾਰੇ, ਲੋਕ ਮਨਾਂ ਦੇ ਖ਼ਾਬਾਂ ਨੂੰ ।

- ਧਰਮੀ ਚੰਡਾਲਾਂ ਦੀ ਬਸਤੀ, ਸੁੱਖ ਦਾ ਸਾਹ ਕਿਵੇਂ ਆਵੇ,
ਕੱਠੇ ਹੋ ਕੇ ਜੇ ਨਾ ਜੂਝੇ, ਝਲਸੋ ਘੋਰ ਅਤਾਬਾਂ ਨੂੰ।

- ਕੁਝ ਜ਼ਹਿਰੀ ਬੂਟੇ ਪਲਦੇ ਨੇ, ਹਰ ਮਾਲੀ ਦੇ ਵਿਹੜੇ ਵਿਚ,
ਔਖੇ ਵਕਤ ਲਈ ਲਾ ਰਖਿਐ, ਉਨ੍ਹਾਂ ਜ਼ਹਿਰੀ ਦਾਬਾਂ ਨੂੰ।

- ਤਿਖੇ ਕਰੀਏ ਕੰਡੇ ਆਪਾਂ, ਹਰ ਬੂਟੇ, ਹਰ ਡਾਲੀ ਦੇ,
ਤਾਂ ਜੋ ਹੱਥ ਨਾ ਪਾਵੇ ਕੋਈ, ਖਿੜਦੇ ਸੁਰਖ਼ ਗੁਲਾਬਾਂ ਨੂੰ ।,

- ਨਸ਼ਿਆਂ ਦੀ ਮਾਰੋਂ ਜੇ ਆਪਾਂ, ਸਕੀਏ ਰੋਕ ਜਵਾਨੀ ਨੂੰ,
ਸਮਝ 'ਕਾਲੜਾ' ਤਾਰ ਲਿਆ ਹੈ, ਡੁੱਬਦੇ ਸੋਨ-ਸ਼ਬਾਬਾਂ ਨੂੰ।

- ਬਿਨ ਬਾਦਲ ਬਰਸਾਤ ਨਾ ਹੋਵੇ, ਦਿਲ ਬਿਨ ਹੋਏ ਮੁਹੱਬਤ ਨਾ।
  ਬਿਨ ਮੁਰਸ਼ਦ ਕਲਿਆਣ ਨਾ ਹੋਵੇ, ਉਪਜੇ ਮਨੀਂ ਅਕ਼ੀਦਤ ਨਾ।

- ਉੱਦਮ ਬਿਨ ਰੁਜ਼ਗਾਰ ਨਾ ਲਭਦਾ, ਬਿਨ ਰੁਜ਼ਗਾਰ ਮਿਲੇ ਨਾ ਰੋਟੀ,
  ਲਛਮੀ ਬਿਨ ਜੀਵਨ ਨਾ ਚਲਦਾ, ਟਲਦੀ ਕੋਈ ਮੁਸੀਬਤ ਨਾ।

- ਜਾਣ ਹੂਲਿਆਂ ਇਜ਼ਤ ਬਣਦੀ, ਮੁੱਲ ਸ਼ਹਾਦਤ ਦਾ ਪੈਂਦਾ,
  ਜਾਣ ਲੁਕਾਇਆ ਸਭ ਰੁੜ੍ਹ ਜਾਵੇ, ਬਚਦੀ ਉੱਕਾ ਇੱਜ਼ਤ ਨਾ।

- ਚਾਰ ਦਿਨਾਂ ਦਾ ਭਰਮ ਜਾਲ ਹੈ ਹਾਕਮ ਦੀ ਚਤੁਰਾਈ ਦਾ,
  ਲੋਕੀ ਜਾਣ ਲੈਣ ਸਭ ਭਾਵੇਂ, ਪਰ ਉਹ ਬਦਲੇ ਖ਼ਸਲਤ ਨਾ।

- ਤਖ਼ਤ ਯਾ ਤਖ਼ਤਾ ਕਹਿਣਾ ਸੌਖੈ, ਔਖਾ ਪੈਣਾ ਤਖਤੇ ’ਤੇ,
  ਤਖ਼ਤੇ ਉਤੇ ਪੈ ਕੇ ਯਾਰੋ ਸੌਖੀ ਸਹਿਣੀ ਜ਼ਿਲਤ ਨਾ।

- ਗੱਦੀਉਂ ਲੱਥੇ ਹਾਕਮ ’ਤੇ, ਦਿਨ ਰਾਤ ਕ਼ਿਆਮਤ ਵਸਦੀ ਏ,
  ਉਸ ਦਾ ਮੰਦਾ ਹਾਲ ਜੋ ਹੋਵੇ, ਵੇਖੀ ਜਾਂਦੀ ਹਾਲਤ ਨਾ।

- ਤਖ਼ਤਾਂ ਤੋਂ ਚੰਮ ਦੀਆਂ ਚਲਾਵਣ, ਐਪਰ ਲੋਕ ਮਨਾਂ ਉੱਤੇ,
  ਜੋ ਜ਼ੁਲਮੀ ਤਸਵੀਰ ਬਣੇ ਹੈ, ਮਿਟਦੀ ਉਹ ਬਦ-ਸੂਰਤ ਨਾ।



- ਦਾਣਾ ਦੁਣਕਾ ਪਾਓ ਉਡ ਕੇ ਆਣਗੀਆਂ।
  ਚਿੜੀਆਂ ਫਿਰ ਮਨ ਬਾਂਛਤ ਰਾਗ ਸੁਣਾਣਗੀਆਂ।[1]

- ਇਨ੍ਹਾਂ ਚਿੜੀਆਂ ਦੀ ਬਿਰਤੀ ਤੋਂ ਬਚ ਜਾਣਾ,
  ਜਿਧਰ ਚੋਗਾ ਦਿੱਸੇਗਾ ਉਡ ਜਾਣਗੀਆਂ।

- ਰੰਗ ਦਿੱਤੀਆਂ ਜਿਸ ਰੰਗ ਵਿਚ ਜੇਸ ਲਿਲਾਰੀ ਨੇ,
  ਓਸੇ ਰੰਗ ਦਾ ਜਲਵਾ ਸਦਾ ਦਿਖਾਣਗੀਆਂ।

- ਭੋਲੀਆਂ ਸਨ ਪਰ ਠੂੰਗਾਂ ਮਾਰਨ ਸਿੱਖ ਗਈਆਂ,
  ਹੁਣ ਇਹ ਚਿੜੀਆਂ ਭਰਮ ਜਾਲ ਫੈਲਾਣਗੀਆਂ।

- ਹੋ ਜਾ ਤੁਵ੍ਹੀਂ ਸੁਚੇਤ ‘ਕਾਲੜਾ’ ਇਨ੍ਹਾਂ ਤੋਂ,
  ਇਹ ਤੇਰੇ ਮਨ ਵਿਚ ਵੀ ਸੰਨ੍ਹਾਂ ਲਾਣਗੀਆਂ।

---

*ਓਸ ਜੁਗਾੜ ਨੂੰ ਕਵਿਤਾ ਕੀਕਣ ਆਖੋਗੇ,*
*ਜੋ ਰਸਹੀਣ ਰਹੇ ਤੇ ਬੇ-ਸੁਰ-ਤਾਲ ਰਹੇ।*

[1] ਸਾਡੇ ਪੇਸ਼ਾਵਰ ਪਰਚਾਕਾਰ

✡

- ਤੇਰੀ ਇੱਕੋ ਨਜ਼ਰ ਐਸੀ ਪਈ, ਚਿਹਰਾ ਗੁਲਾਬ ਹੋਇਆ।
  ਜਦੋਂ ਪਰਤੀ ਨਿਗਾਹ ਤਾਂ ਚਿਹਰਾ ਫਿਰ ਕਾਲਾ ਖ਼ਿਜ਼ਾਬ ਹੋਇਆ।

- ਪਤਾ ਨਈਂ ਕੀ ਪਿਆ ਸੀ ਅਪਣੇ ਮਨ ਅੰਦਰ ਖ਼ੁਦਾ ਜਾਣੇ,
  ਜੋ ਆਖ਼ਰ ਫੁੱਟ ਪਿਆ, ਮਾਹੌਲ ਪਾ ਕੇ ਇਨਕਲਾਬ ਹੋਇਆ।

- ਹਿਸਾਬਾਂ ਵਿਚ ਪੈ ਕੇ ਮਾਰ ਖਾਧੀ ਹੈ ਸਦਾ ਉਸ ਨੇ,
  ਹਿਸਾਬੋਂ ਬਾਹਰ ਜਦ ਹੋਇਆ ਤਾਂ ਆਸ਼ਿਕ ਬੇ-ਹਿਸਾਬ ਹੋਇਆ।

- ਹੈ ਆਖ਼ਿਰ ਦਿਲ ਹੀ ਇਹ ਕਿੰਨਾ ਕੁ ਚਿਰ ਗ਼ਮ-ਸੇਕ ਨੂੰ ਸਹਿੰਦਾ,
  ਜਦੋਂ ਉਹ ਸੀਖ਼-ਪਾ ਹੋਇਆ ਤਾਂ ਤੰਦੂਰੀ ਕਬਾਬ ਹੋਇਆ।

- ਕਿਸੇ ਜਦ ਪਿਅਰ ਦੀ ਮਸਤੀ 'ਚ ਪਾਣੀ ਥੀਂ ਨਿਗਾਹ ਮੇਲੀ,
  ਤਾਂ ਉਸ ਤੇ ਰੰਗ ਉਹ ਚੜ੍ਹਿਆ ਕਿ ਤਿੰਨ ਅੱਗੀ ਸ਼ਰਾਬ ਹੋਇਆ।

- ਮੇਰੇ ਜੀਵਨ ਦੀਆਂ ਅਠਖੇਲੀਆਂ ਜਦ ਠੂਹਕਰਾਂ ਹੋਈਆਂ,
  ਤਾਂ ਜੀਵਨ ਨੂੰ ਸਹੀ ਅਰਥਾਂ ਦਾ ਸੀ ਅਨੁਭਵ ਜਨਾਬ ਹੋਇਆ।

- ਕਿਸੇ 'ਕਰਤਾਰ' ਦੀ ਹਸਤੀ 'ਚੋਂ ਲੱਭਿਆ ਨਾ ਕੋਈ ਗੌਹਰ,
  ਕਿਸੇ ਨੂੰ ਸੂਰਗ ਲੱਭਿਆ ਅਰਥ ਸੀ ਜਦ ਬੇ-ਨਿਕ਼ਾਬ ਹੋਇਆ।



✡

- ਕਿਸੇ ਨੂੰ ਦਿਲਬਰੀ ਬਖ਼ਸ਼ੀ, ਕਿਸੇ ਨੂੰ ਬੇ-ਖ਼ੁਦੀ ਬਖ਼ਸ਼ੀ।
  ਕਿਸੇ ਨੂੰ ਮਨਚਲੇ ਦੇ ਰੂਪ ਵਿਚ ਆਵਾਰਗੀ ਬਖ਼ਸ਼ੀ।

- ਭਲੇ ਮੀਆਂ ਭਲੀ ਸੁਹੱਬਤ 'ਚੋਂ ਹੀ ਬਣਦੀ ਭਲੀ ਸੀਰਤ,
  ਅਸਾਂ ਨੂੰ ਔਕੜਾਂ ਵਿਚ ਵੀ ਸੁਚਜੀ ਜ਼ਿੰਦਗੀ ਬਖਸ਼ੀ।

- ਜਲੇਬੀ ਵਾਂਗ ਵਲ ਛਲ ਤੋਂ ਰਹਿਤ ਨੇਤਾ ਅਸਾਡੇ ਨੇ,
  ਇਨ੍ਹਾਂ ਨੂੰ ਲੋਕ ਰੱਤ ਚੂਸਣ ਲਈ ਹੀ ਰਾਹਬਰੀ ਬਖ਼ਸ਼ੀ।

- ਕਿਸੇ ਬਈਮਾਨ ਧਨਵੰਤਾ 'ਤੇ ਅੱਜ ਤੱਕ ਹਰਫ਼ ਨਹੀਂ ਆਇਆ,
  ਅਸਾਂ ਸੰਵਿਧਾਨ ਤੇ ਕਾਨੂੰਨ ਨੂੰ ਲਾਚਾਰਗੀ ਬਖ਼ਸ਼ੀ।

- ਕਿਸੇ ਮੱਛੀ ਨੂੰ ਵੀ ਇਹਸਾਸ ਨਾ ਹੋਵੇ ਕਿ ਖਾ ਜਾਊ,
  ਹੈ ਕੁਦਰਤ ਨੇ ਹਰਿਕ ਬਗਲੇ ਨੂੰ ਐਸੀ ਬੰਦਗੀ ਬਖ਼ਸ਼ੀ।

- ਭਲਾ ਦੱਸ 'ਕਾਲੜਾ' ਜੇ ਤੂੰ ਫ਼ਕੀਰੀ ਕਰ ਲਈ ਧਾਰਨ,
  ਅਣੋਖਾ ਕੀ ਹੈ ਕੁਦਰਤ ਨੇ ਹੀ ਤੈਨੂੰ ਸਾਦਗੀ ਬਖਸ਼ੀ।

- ਫ਼ਲਸ਼ਫ਼ੀ ਸੁਕਰਾਤ ਲਈ ਜ਼ਹਿਰ ਪਿਆਲਾ ਹਾਜ਼ਿਰ।
  ਨੇਤਾ ਬਈਮਾਨ ਲਈ ਨਿੱਤ ਹੈ ਦੁਸ਼ਾਲਾ ਹਾਜ਼ਿਰ।

- ਜੇ ਤੂੰ ਸ਼ੁਭਨਾਮ ਹੀ ਪੱਤ, ਲੋਚੇਂ ਬਚਾਉਣੀ ਤਾਂ ਹੁਣ,
  ਸ਼ਕੁਨੀ ਦੀ' ਵਾਜ, 'ਤੇ ਹੋਸੇ, ਕ੍ਰਿਸ਼ਨ ਗੁਪਾਲਾ ਹਾਜ਼ਿਰ।

- ਅਪਣਾ ਜੇ ਹੋ ਕੇ ਕਰੇਂ ਚਾਂਦੀ ਦੇ ਸਿੱਕੇ ਕੱਠੇ,
  ਕੁਝ ਸਮੇਂ ਬਾਅਦ ਹੀ ਹੋ ਜਾਣੈ ਘੁਟਾਲਾ ਹਾਜ਼ਿਰ।

- ਕਿਰਤ ਦਾ ਮੁੱਲ ਹੋਰ ਤਾਂ ਕੁਝ ਪੈਂਦਾ ਨਹੀਂ ਦੇਸ਼ ਅੰਦਰ,
  ਨਾਲ ਅਟਣਾ ਦੇ ਹੈ ਹਰ ਰੋਮ 'ਤੇ ਛਾਲਾ ਹਾਜ਼ਿਰ।

- ਨੰਗੀ ਛੱਤ ਹੇਠ ਕਿਰਤ ਨੰਗੀ ਰਹੇ ਭੁੱਖੀ ਸਵੇਂ,
  ਸਾਧ ਦੀ ਸੁੰਵੀ ਕ਼ਬਰ 'ਤੇ ਹੈ ਦੁਸ਼ਾਲਾ ਹਾਜ਼ਿਰ।

- ਹਾਂ ਅਸੀਂ ਛਲੀਏ ਬਿਸ਼ਕ ਨੀਲੇ ਜਾਂ ਚਿੱਟੇ ਹੋਈਏ,
  ਲੋਕ-ਹਿੱਤ ਮਹਿੰਗ ਦੀ ਹਾਂ ਲੈ ਕੇ ਜਵਾਲਾ ਹਾਜ਼ਿਰ।

- ਦੇਗ 'ਚ ਉਬਲਣ ਦਾ ਜਦੋਂ ਸੱਦਾ ਪਵੇ ਸਿਰਲੱਥ ਨੂੰ,
  ਦੇਣ ਲਈ ਸੇਧ ਨਵੀਂ ਭਾਈ ਦਿਆਲਾ ਹਾਜ਼ਿਰ।

---

[1]ਭਾਈ ਦਿਆਲਾ ਜੀ ਸ੍ਰੀ ਗੁਰ ਤੇਗ ਬਹਾਦਰ ਜੀ ਦੇ
ਸਨਮੁਖ ਦੇਗ ਵਿਚ ਉਬਾਲੇ ਗਏ ਸਨ।



- ਰੂਪ ਸਜੀਲਾ ਲੈ ਕੇ ਤੁਰਿਆ ਹੈ ਜੋ ਇਕ ਕਮਲਾ ਬੰਦਾ।
  ਕਣ ਕਣ ਕਰਕੇ ਵੰਡਿਆ ਜਾਵਾਂ ਕਰਦਾ ਹੈ ਲੋਚਾ ਬੰਦਾ।

- ਸ਼ਬਦ ਮਿਠਾਸੇ, ਭਾਵ ਡੂੰਘੇਰੇ, ਰੰਗ ਨੇਵਲਾ, ਅਰਥ ਨਵੇਂ,
  ਏਦਾਂ ਦਾ ਕੁਝ ਲੈ ਕੇ ਚਲਿਐ ਵੰਡਣ ਲਈ ਚੰਗਾ ਬੰਦਾ।

- ਮੌਤ ਨੂੰ ਚੇਤੇ ਰਖ ਕੇ ਜਿਊਂਦੈ, ਜੀਵਨ ਦਾ ਪਲ ਪਲ ਮਾਣੇ,
  ਜੀਵਨ ਨੂੰ ਕੁਝ ਅਰਥ ਹੈ ਦੇਂਦਾ, ਏਦਾਂ ਦਾ ਸੁੱਚਾ ਬੰਦਾ।

- ਪੈਰ ਪੈਰ 'ਤੇ ਜੋ ਕਰਦਾ ਹੈ ਲੋਕ ਭਲੇ ਦੇ ਕੰਮ ਐਸੇ,
  ਲੋਕ ਭਲੇ ਦੇ ਕੰਮ ਨੂੰ ਜਾਣੇ, ਜੀਵਨ ਦਾ ਲਾਹਾ ਬੰਦਾ।

- ਅੰਮ੍ਰਿਤ ਕੁੰਡ ਭਰ ਕੇ ਰੱਖਦਾ ਹੈ ਲੰਗਰ ਲਾਈ ਰੱਖਦਾ ਹੈ,
  ਜਿਉਂ ਜਿਉਂ ਝੁਕ ਝੁਕ ਵੰਡੇ ਅੰਮ੍ਰਿਤ, ਹੁੰਦਾ ਹੈ ਉੱਚਾ ਬੰਦਾ।

- ਜਿਉਂ ਜਿਉਂ ਚਾਨਣ ਦਾਤ ਉਹ ਵੰਡੇ, ਤਿਉਂ ਤਿਉਂ ਨ੍ਹੇਰੇ ਦੂਰ ਕਰੇ,
  ਚਾਨਣ ਦਾ ਹੋ ਜਾਏ ਮੁਨਾਰਾ, ਆਖਰ ਨੂੰ ਦਾਨਾ ਬੰਦਾ।

- ਤੂੰ 'ਕਰਤਾਰ' ਹੈਂ ਪ੍ਰੇਮ ਦਾ ਪੁਤਲਾ, ਪ੍ਰੇਮ ਹੀ ਤੇਰੀ ਫ਼ਿਤਰਤ ਹੈ,
  ਤੈਥੋਂ ਲੈ ਕੇ, ਕਣ ਕਣ ਹੋ ਕੇ, ਜੋ ਵੰਡਦਾ ਫਿਰਦਾ ਬੰਦਾ।

- ਜਦੋਂ ਵੀ ਸੂਰਜ ਨੇ ਝਾਤ ਪਾਈ, ਹੈ ਨੂਰ ਉਗਿਆ ਜ਼ਮੀਨ ਉੱਤੇ।
  ਜਦੋਂ ਵੀ ਮਾਨਵ ਨੇ ਅਕ਼ਲ ਵਰਤੀ ਸਵਾਰ ਹੋਇਆ ਮਸ਼ੀਨ ਉਤੇ।

- ਜਿਵੇਂ ਜਿਵੇਂ ਕ਼ੀਮਤਾਂ ਚਗਲੀਆਂ, ਤਿਵੇਂ ਤਿਵੇਂ ਪਤਣ ਹੋਰ ਹੋਇਆ,
  ਜਿਵੇਂ ਹੀ ਪਨਪੀ ਜਗੀਰਦਾਰੀ ਉਹ ਹੋਈ ਕਾਬਜ਼ ਜ਼ਮੀਨ ਉੱਤੇ।

- ਇਮਾਨਦਾਰੀ ਦਾ ਜਿਉਂ ਹੀ ਚੜ੍ਹਿਆ ਹੈ ਰੂਪ ਮਿਹਨਤ ਤੇ ਹਿੰਮਤਾਂ ਨੂੰ,
  ਤਰੱਕੀ ਕੀਤੀ ਜਾਪਾਨ ਤਿਉਂ-ਤਿਉਂ ਜਲੌਅ ਵੀ ਚੜ੍ਹਿਆ ਹੈ ਚੀਨ ਉੱਤੇ।

- ਉਹ ਪੜ੍ਹਕੇ ਹਰ ਵਾਰ ਮੈਨੀਫੈਸਟੋ ਤੇ ਕਰਕੇ ਇਤਬਾਰ ਵਾਅਦਿਆਂ ’ਤੇ,
  ਤੇ ਪਾ ਕੇ ਹਰ ਵਾਰ ਵੋਟ ਅਪਣੀ ਗਏ ਨੇ ਠੱਗੇ ਯਕੀਨ ਉੱਤੇ।

- ਜੋ ਉਲਟ ਚਾਲੇ ਪਕੜ ਲਏ ਨੇ ਸਮਾਜ ਦੇ ਹਰ ਬਸ਼ਰ ਨੇ ਜਦ ਤੋਂ,
  ਉਦੋਂ ਤੋਂ ਜੀਵਨ ਦੀ ਤੰਦ ਉਲਝੀ, ਹੈ ਸੱਪ ਹੁਣ ਭਾਰੂ ਬੀਨ ਉੱਤੇ।

- ਕੁਲੀਨ ਹੈਗਾ ਸੀ ਚੁਸਤ ਪੂਰਾ ਸੋ ਨਿਜ ਭਲੇ ਨੂੰ ਹੀ ਮੂਲ ਜਾਤਾ,
  ਤਾਂ ਵੇਦ ਉਪਨਿਸ਼ਦ ਰਚ ਲਏ ਉਸ, ਲਈ ਵੱਡਤਣ ਕਮੀਨ ਉੱਤੇ।

- ਜਦੋਂ ਤੋਂ ਹੋਏ ਆਜ਼ਾਦ ਆਪਾਂ, ਹੈ ਚਾਪਲੂਸੀ ਦਾ ਬੋਲ-ਬਾਲਾ,
  ਗਈ ਸਿਆਸਤ ਹੈ ਖ਼ੂਬ ਗੰਧਲੀ, ਅਧਰਮ ਭਾਰੂ ਹੈ ਦੀਨ ਉੱਤੇ।

- ਹੈ ‘ਕਾਲੜਾ’ ਤਾਂ ਉਦਾਸ ਚੋਖਾ, ਅਲੋਚਕਾਂ ਦੀ ਸਮਝ ਤੋਂ ਸਚਮੁਚ,
  ਜੋ ਇਕੋ ਠੱਧਾ ਲਗਾ ਰਹੇ ਹੈਨ, ਸੋਟੇ, ਠੁੱਲ੍ਹੇ, ਸਹੀਨ ਉੱਤੇ।



## ਤਮਾਮ ਮਕ਼ਤਾ ਗ਼ਜ਼ਲ

- ਜ਼ਿੰਦਗੀ ਯਖ਼ ਹੋਈ ਗਰਮਾਵੇਂ ਯਾ ਗਰਮਾਵੇਂ ਨਾ ਤੂੰ।
  ਪ੍ਰੇਮ ਦੇ ਮਾਰਗ ’ਤੇ ਚਲਕੇ ਕਾਹਤੋਂ ਗੰਢ ਪਾਵੇਂ ਨਾ ਤੂੰ?

- ‘ਕਾਲੜਾ’ ਲੱਠ ਲੈ ਕੇ ਪਿਛੇ ਅਕ਼ਲ ਦੇ ਬਹੁਤਾ ਨਾ ਪਉ,
  ਭਾਵਨਾ ਦੀ ਗੱਲ ਉੱਚੀ ਹੈ, ਸਮਝ ਪਾਵੇਂ ਨਾ ਤੂੰ।

- ‘ਕਾਲੜਾ’ ਬਣਦਾ ਹੈਂ ਉਂਵ ਤਾਂ ਚਤੁਰ ਤੇ ਆਕ਼ਲ ਬੜਾ,
  ਗੇੜ ਵਿਚੋਂ ਅਕ਼ਲ ਦੇ ਐਪਰ ਨਿਕਲ ਪਾਵੇਂ ਨਾ ਤੂੰ।

- ਇਕ ਗੱਲ ਤੇਰੀ ਗ਼ਜ਼ਲ ਹੈ ‘ਕਾਲੜੇ’ ਨੂੰ ਚੁੱਭ ਰਹੀ,
  ਜਿਨ੍ਹਾਂ ਲਈ ਲਿਖੀਏ ਉਨ੍ਹਾਂ ਤਾਈਂ ਸਮਝ ਆਵੇਂ ਨਾ ਤੂੰ।

- ਛਡ ਕੇ ਆਇਐਂ ਦੇਸ, ਮੁੜਕੇ ਦੀਦ ਪਾ ਸਕਿਆ ਨਹੀਂ,[1]
  ਉਮਰ ਥੋੜੀ ‘ਕਾਲੜਾ’ ਬੀਤਨ ਤੇ ਪਛਤਾਵੇਂ ਨਾ ਤੂੰ!

- ਕੀ ਹੈ ਵਾਧਾ ‘ਕਾਲੜਾ’ ਦਸ ਬੁੱਚੇਕੀ ਦੇ ਹੋਣ ਦਾ? [2]
  ਜੇ ਗ਼ਜ਼ਲ ਕਹਿ ਕੇ ਨਵਾਂ ਕੋਈ ਰੰਗ ਬਰਸਾਵੇਂ ਨਾ ਤੂੰ।

- ‘ਕਾਲੜਾ’ ਮਜਬੂਰ ਹੈ ਅਵਸਰ ਹੀ ਬਣ ਪਾਇਆ ਨਹੀਂ,
  ਬਣ ਗਿਆ ਅਵਸਰ ਤਾਂ ਦੇਖਾਂਗੇ ਕਿਵੇਂ ਛਾਵੇਂ ਨਾ ਤੂੰ?

- ਹੋ ਗਿਆ ਜੇ ਮੇਲ ਤੇਰਾ ਬੰਦਿਆ ‘ਕਰਤਾਰ’ ਨਾਲ,
  ਫੇਰ ਦੇਖਾਂਗੇ ਇਲਾਹੀ ਗੀਤ ਕਿੰਵ ਗਾਵੇਂ ਨਾ ਤੂੰ?

---

[1] ਪੱਛਮੀ ਪੰਜਾਬ ਮੇਰਾ ਦੇਸ਼ ਹੈ ਜੋ ਪੰਜਾਬੀ ਸੱਭਿਆਚਾਰ ਦਾ ਮੂਲ ਹੈ

[2] ਪਿੰਡ ਬੁਚੇਕੀ ਜ਼ਿਲ੍ਹਾ ਨਨਕਾਣਾ ਸਾਹਿਬ ਲੇਖਕ ਦੀ ਜਨਮ ਭੌਂ ਹੈ।

✡

- ਔਝੜੀਂ ਪੈ ਕੇ ਅਸਾਂ ਰਸਤੇ ਬਣਾਏ ਨੇ ਨਵੇਂ !
ਜ਼ਹਿਰ ਪੀ ਕੇ ਉਮਰ ਦਾ ਜਜ਼ਬੇ ਹੰਢਾਏ ਨੇ ਨਵੇਂ !

- ਮੇਰੇ ਰਾਹ ਦੇ ਕੰਡਿਆਂ, ਰੋੜਾਂ ਅਤੇ ਕਿਰਚਾਂ ਨੇ ਵੀ,
ਜ਼ਖ਼ਮ ਵਿੰਨ੍ਹੇ ਪੈਰ ਮੇਰੇ ਆਜ਼ਮਾਏ ਨੇ ਨਵੇਂ !

- ਮੇਰੀਆਂ ਰਮਜ਼ਾਂ ਦਾ ਜਦ ਭਰਕੇ ਹੈ ਸਾਗਰ ਉਛਲਿਆ,
ਪੂਰਨੇ ਇਤਿਹਾਸ ਦੇ ਪੰਨਿਆਂ 'ਤੇ ਪਾਏ ਨੇ ਨਵੇਂ !

- ਕਿਸ ਤਰ੍ਹਾਂ ਹੋਰਾਂ ਲਈ ਜਿਉਣੈ ਤੇ ਮਰਨਾ ਹੈ ਕਿਵੇਂ?
ਕੌਮ ਨੇ ਅੰਦਾਜ਼ ਜੂਝਣ ਦੇ ਸਿਖਾਏ ਨੇ ਨਵੇਂ !

- ਬੇਬਸੀ ਵਿਚ ਬੇਕਸਾਂ ਲਈ ਜਾਨ ਅਪਣੀ ਵਾਰਨੀ,
ਜਲਵੇ ਇਸ ਅੰਦਾਜ਼ ਦੇ ਮਰ ਕੇ ਦਿਖਾਏ ਨੇ ਨਵੇਂ !

- ਸਹਿ ਕੇ ਦੰਦੇ ਆਰਿਆ ਦੇ, ਉਬਲ ਕੇ ਦੇਗਾਂ 'ਚ ਵੀ,
ਮੌਤ ਨੇ ਜੀਵਨ ਦੇ ਉਚ ਆਦਰਸ਼ ਪਾਏ ਨੇ ਨਵੇਂ !

- ਮੇਰਿਆਂ ਸ਼ਬਦਾਂ ਦੀ ਸਹਿ ਬੰਦਸ਼ 'ਚ ਵੀ ਆਇਐ ਨਿਖਾਰ,
ਮੇਰਿਆਂ ਸ਼ਬਦਾਂ ਨੇ ਚਿੰਤਨ ਵੀ ਸੁਝਾਏ ਨੇ ਨਵੇਂ।

- ਦੁੱਖ ਸੁੱਖ ਇਕਸਾਰ ਪਿੰਡੇ 'ਤੇ ਹੰਢਾ ਕੇ ਫੇਰ ਵੀ,
ਸਹਿਜ ਦੇ ਇਹਸਾਸ ਜੀਵਨ ਵਿਚ ਜਗਾਏ ਨੇ ਨਵੇਂ।

- ਸਹਿ ਕੇ ਕੁਝ ਬਿਛੂਆਂ ਦੇ ਡੰਗ 'ਸੌਂ ਕੇ ਫ਼ਨਾਂ ਦੀ ਸੇਜ 'ਤੇ
ਇਸ ਭਲੇ 'ਕਰਤਾਰ' ਨੇ ਸੁਪਨੇ ਸਜਾਏ ਨੇ ਨਵੇਂ !



✡

- ਬੜੇ ਪੁਖ਼ਤਾ ਨੇ ਮੇਰੇ ਸ਼ਿਅਰ, ਮੇਰੀ ਜ਼ਿੰਦਗੀ ਪੁਖ਼ਤਾ।
ਹੈ ਮੇਰੀ ਬੰਦਗੀ ਪੁਖ਼ਤਾ, ਮੇਰੀ ਦੀਵਾਨਗੀ ਪੁਖ਼ਤਾ।

- ਤੁਸੀਂ ਨਿਰਮੋਹ ਪੂਰੇ ਹੋ, ਤੁਸਾਂ ਤੋਂ ਆਸ ਏਹੋ ਸੀ,
ਤੁਸਾਂ ਦੀ ਦਿਲ ਲਗੀ ਪੁਖ਼ਤਾ, ਤੁਸਾਂ ਦੀ ਬੇਰੁਖ਼ੀ ਪੁਖ਼ਤਾ।

- ਜੋ ਲਾਲਚ ਦਰਬ ਦਾ ਹੈ ਆਪਣੇ ਜੀਵਨ ਨੂੰ ਲੈ ਡੁਬਦੈ,
ਹੈ ਕਰਦਾ ਜ਼ਿੰਦਗੀ ਤੋਂ ਉਮਰ ਦੀ ਬੇਗਾਨਗੀ ਪੁਖ਼ਤਾ।

- ਗੁਰੂ ਤੇ ਪੀਰ ਬੰਦੇ ਨੂੰ ਬੜੀ ਮੱਤ ਦੇ ਕੇ ਤੁਰ ਗਏ ਪਰ,
ਅਸਾਂ ਦੀ ਜਾਨਵਰ ਬਿਰਤੀ, ਰਹੀ ਬੇਹੂਦਗੀ ਪੁਖ਼ਤਾ।

- ਨੇ ਪੁਖ਼ਤਾ ਪੈਰ ਗਣਤੰਤਰ ਦੇ ਹੋਏ ਦੇਸ਼ ਮੇਰੇ ਵਿਚ
ਹੋਈ ਹੈ ਆਮ ਬੰਦੇ ਦੀ ਸਗੋਂ ਲਾਚਾਰਗੀ ਪੁਖ਼ਤਾ।

- ਕਦੇ ਡਿੱਗੇ ਨਾ ਡੋਲੇ ਤੇ ਰਹੇ ਇਕਸਾਰ ਆਯੂ ਭਰ,
ਮਰਦ ਹਰ ਹਾਲ ਰਖਦਾ ਹੈ ਸਦਾ ਮਰਦਾਨਗੀ ਪੁਖ਼ਤਾ।

- ਨਹੀਂ ਉਹ ਬਦਲਿਆ, ਹਰ ਦੌਰ ਵਿਚ ਫੈਸ਼ਨ ਬੜੇ ਬਦਲੇ,
ਨਿਮਾਣੇ 'ਕਾਲੜੇ' ਦੀ ਪਰ ਰਹੀ ਹੈ ਸਾਦਗੀ ਪੁਖ਼ਤਾ।

- ਮੇਰਾ ਘਰ ਦੁੱਖਾਂ ਦਾ ਸਾਗਰ ਭਰਿਆ ਭਰਿਆ।
  ਫਿਰ ਵੀ ਮੈਂ ਉੱਕਾ ਨਾ ਜਾਪਾਂ ਡਰਿਆ ਡਰਿਆ।

- ਨਾ ਨੇਤਾ, ਨਾ ਕੋਈ ਬਾਬਾ, ਰੱਬ ਮੰਨਿਆ ਹੈ,
  ਮੇਰੇ ਹਿਰਦੇ ਸ਼ਬਦ ਦਾ ਅੰਮ੍ਰਿਤ ਝਰਿਆ ਝਰਿਆ।

- ਲੱਚਰ ਜਾਪਣ ਹੋ-ਹੂ ਵਾਲੇ ਧੂਮ ਧੜੱਕੇ,
  ਮੇਰੀ ਚੰਚਲਤਾ ਦਾ ਰੰਗ ਹੈ ਖਰਿਆ ਖਰਿਆ।

- ਬਾਹਰੋਂ ਖ਼ੂਬ ਦਮਗਜੇ ਮਾਰੇ ਐਪਰ ਨੇਤਾ,
  ਅੰਦਰੋਂ ਅਪਣੇ ਹੀ ਪਾਲੇ ਤੋਂ ਠਰਿਆ ਠਰਿਆ।

- ਲੋਕਾਂ ਨੂੰ ਕੁਝ ਸੋਝੀ ਪੈ ਗਈ ਤਹਲਕਿਆਂ ਤੋਂ,
  ਪਰ ਸੰਵਿਧਾਨ ਹੈ ਧੰਨਵਾਨਾਂ ਦਾ ਵਰਿਆ ਵਰਿਆ।

- ਫੁੱਟ ਪਾਥਾਂ 'ਤੇ ਨੰਗ ਧੜੰਗੀ ਗ਼ੁਰਬਤ ਦਾ ਪੱਖ,
  ਅਰਥ-ਵਿਤਰਨੀ ਬਦ-ਨੀਤੀ ਤੋਂ ਹਰਿਆ ਭਰਿਆ।

- ਨੇਤਾ ਬਣ ਜਾਂ ਸਾਧ, 'ਕਾਲੜਾ' ਮੌਜ ਰਹੇਗੀ,
  ਨੈਤਿਕਤਾ ਪੱਖੋਂ ਦੋਹਾਂ ਦਾ ਸਰਿਆ ਸਰਿਆ!



- ਮਿਣਿਆ ਮੇਰਾ ਪ੍ਰੇਮ ਉਸ, ਸੁੱਚੇ ਲਬਾਂ ਦੇ ਨਾਲ।
  ਪਕੜੇ ਖਿਆਲ ਉਸ ਦੇ ਮੈਂ ਟੁੱਟੇ ਪਰਾਂ ਦੇ ਨਾਲ।

- ਉੜ ਨਾ ਅਕਾਸ਼ ਵਿਚ ਤੂੰ ਮੰਗਵੇਂ ਪਰਾਂ ਦੇ ਨਾਲ।
  ਵਸਦੀ ਸਦਾ ਹੈ ਜ਼ਿੰਦਗੀ ਅਪਣੇ ਕਰਾਂ ਦੇ ਨਾਲ।

- ਇਕ ਦਰਦ ਦੀ ਤਲਾਸ਼ ਸੀ ਤੂੰ ਦੇ ਕੇ ਤੁਰ ਗਿਉਂ,
  ਨਿਬੜਾਂਗੇ ਇਸ ਦੇ ਨਾਲ ਵੀ ਉਖੜੇ ਦਰਾਂ ਦੇ ਨਾਲ।

- ਮੁਰਗ਼ਾਬੀਆਂ ਨੂੰ ਜਦ ਮਿਲੀ ਕੁਝ ਓਟ ਉਨ੍ਹਾਂ ਤੋਂ,
  ਉਹ ਜੁੜ ਗਈਆਂ ਸਦੀਵ ਲਈ ਡੂੰਘੇ ਸਰਾਂ ਦੇ ਨਾਲ।

- ਮਨ ਤਾਂ ਵਿਚੱਲ ਹੀ ਜਾਂਦਾ ਹੈ, ਹੈ ਲਾਲਚੀ ਸਦਾ,
  ਜੁੜਨਾ ਪਵੇਗਾ ਸੰਭਲਕੇ ਕੁਝ ਆਤਮਾ ਦੇ ਨਾਲ।

- ਸ਼ਹਿਰਾਂ 'ਚ ਭਟਕਣੇ ਲਈ ਸਦਿਆ ਹਾਂ ਜਾ ਰਿਹਾ,
  ਭਟਕਣ ਤੋਂ ਮੁਕਤ ਹੋਣ ਲਈ ਜੁੜੀਏ ਗਰਾਂ ਦੇ ਨਾਲ।

- ਮੰਜ਼ਿਲ ਨੂੰ ਐਸੇ ਪੰਖੀਆਂ ਦੀ ਹੈ ਸਦਾ ਉਡੀਕ,
  ਸੜ ਜਾਣ ਪਰ, ਪਰ ਅਪੜਨ, ਮਚਦੇ ਪਰਾਂ ਦੇ ਨਾਲ।

- ਬੰਨ੍ਹ ਬੰਨ੍ਹ ਕੇ ਮੁਸ਼ਕਾਂ ਸਾਡੀਆਂ ਇਕ ਅੰਨ੍ਹੇ ਖੂਹ ਵਿਚ,
  ਨੇਤਾ ਜੀ ਰੋਜ਼ ਸੁਟ ਰਹੇ ਨਿੱਜ ਖ਼ਾਹਿਸ਼ਾਂ ਦੇ ਨਾਲ।

- ਸਿੱਖਿਆ ਦਾ ਮੂਲ ਖ਼ਤਮ ਤੇ ਕਿਰਤੀ ਦੀ ਕਿਰਤ ਬੰਦ,
  ਮਾਰਨ ਗ਼ਰੀਬ ਟੱਕਰਾਂ ਭੇੜੇ ਦਰਾਂ ਦੇ ਨਾਲ।

- ਉਲਟਾ ਸਮਾਂ ਹੈ ਆ ਗਿਆ ਇਤਿਹਾਸ ਗੋਚਰਾ,
  ਪੈਂਦੀ ਹੈ ਰਾਸ ਬਾਬਿਆਂ ਦੀ ਬਾਬਰਾਂ ਦੇ ਨਾਲ!

- ਪੰਜਾਬ ਕਿੰਵ ਬਚੇਗਾ ਹੁਣ ਜਲ ਦੇ ਵਿਗੋਚਿਉਂ?
  ਨੇਤਾ ਦੀ ਸਾਂਝ ਹੋ ਗਈ ਹੈ ਬਾਣੀਆਂ ਦੇ ਨਾਲ।

- ਤਰਲੇ ਨਾ ਮਾਰ, ਮੌਤ ਤੋਂ ਨਾ ਡਰ, ਇਹ ਆਏਗੀ,
  ਪਹਿਲਾਂ ਮਰੀਂ ਨਾ ਮੌਤ ਤੋਂ, ਜੀ ਹਿੰਮਤਾਂ ਦੇ ਨਾਲ!

- ਗਿੱਟਿਆਂ 'ਚ ਅਕ਼ਲ ਵੇਚ ਕੇ, ਸਿਰ ਘੱਲ ਵਿਦੇਸ਼ ਨੂੰ,
  ਹੁਣ ਭਾਲਦੇ ਹਾਂ ਚਾਨਣਾ ਭੇੜੇ ਦਰਾਂ ਦੇ ਨਾਲ।

- ਸਭ ਕੁਝ ਖੁਹਾ ਕੇ ਇੱਜ਼ਤਾਂ ਦਾ ਮੂਲ ਸਾਂਭ ਕੇ,
  ਨਿਭਣਾ ਪਵੇਗਾ ਉਮਰ ਭਰ ਹੁਣ ਬੌਣਿਆਂ ਦੇ ਨਾਲ।

- ਚਾਦਰ ਦੀ ਗਲ ਦੂਰ ਹੈ, ਬੁਰਕੀ ਵੀ ਖੋਹ ਰਹੇ,
  ਵਾਹ ਪੈ ਗਿਆ ਹੈ 'ਕਾਲੜਾ' ਹੁਣ ਬਾਂਦਰਾਂ ਦੇ ਨਾਲ।



- ਇਕ ਦਰਦ ਦਾ ਝੌਂਕਾ ਹੈ ਯਾਦਾਂ ਦੀ ਜ਼ੁਬਾਨੀ ਹੈ।
  ਇਹ ਦੁਨੀਆਂ ਮੇਰੇ ਸਾਥੀ ਬਸ ਆਣੀ ਜਾਣੀ ਹੈ।

- ਉਮਰਾਂ ਤੋਂ ਹਾਂ ਰਿੜਕ ਰਹੇ ਕੁਝ ਪੱਲੇ ਨਹੀਂ ਪੈਂਦਾ,
  ਦੁਨੀਆਂ ਦਾ ਜੋ ਰਿੜਕਣ ਹੈ ਪਾਣੀ 'ਚ ਮਧਾਣੀ ਹੈ।

- ਪੀੜਾਂ ਦੀ ਸਵਾਰੀ 'ਤੇ ਮੰਜ਼ਿਲ ਨਾ ਕਦੇ ਮਿਲਦੀ,
  ਮੰਜ਼ਿਲ ਦੀ ਜੋ ਠਾਹਰ ਹੈ, ਹਿੰਮਤਾਂ ਦੀ ਕਹਾਣੀ ਹੈ।

- ਲਗਦਾ ਨਾ ਪਤਾ ਸਾਨੂੰ ਨੇਤਾ ਦੀਆਂ ਚਾਲਾਂ ਦਾ,
  ਛੜਯੰਤਰ ਰਚ ਕੇ ਉਸ, ਡੋਬੀ ਕੁਲ ਢਾਣੀ ਹੈ।

- ਰੁੱਖਾਂ ਤੋਂ ਪਰੇ ਲੋਕੀ, ਖੜਸੁੱਕ ਹੋ ਜਾਂਦੇ ਨੇ,
  ਜੜ੍ਹ ਉਸ ਦੀ ਹਰੀ ਹੀ ਰਹੇ, ਨੇਤਾ ਨੇ ਇਹ ਠਾਣੀ ਹੈ।

- ਖੋ ਬੈਠੇ ਹਾਂ ਚੰਡੀਗੜ੍ਹ ਭੁਲ, ਜਾਣੀ ਹੈ ਮਾਂ ਬੋਲੀ,
  ਪੰਜਾਬ ਦੇ ਕਲਚਰ ਦੀ ਕਰ ਦਿੱਤੀ ਇਉਂ ਘਾਣੀ ਹੈ।[1]

- ਨੇਤਾ ਦੀ ਨਹੀਂ ਚਿੰਤਾ ਲੋਕਾਂ ਨੂੰ ਹੀ ਝੋਰਾ ਹੈ,
  ਜਿਸ ਮਾਂ ਦਾ ਹੈ ਦੁੱਧ ਚੁੰਘਿਆ, ਉਹ ਮਾਂ ਮਰ ਜਾਣੀ ਹੈ।[2]

- ਕਿਉਂ ਸੋਚੇਂ ਤੂੰ 'ਕਾਲੜਿਆ' ਚੌਧਰ ਦੇ ਨੇ ਭੁੱਖੇ ਸਭ,
  ਇਸ ਸੜਦੇ ਜੰਗਲ ਵਿਚ ਤੇਰੀ ਚੀਕ ਖੋ ਜਾਣੀ ਹੈ।

---

*[1] ਪੰਜਾਬੀਅਤ ਹੁਣ 'ਤੂਤਕ ਤੂਤਕੇ, ਛੜਿਆਂ ਦੇ ਟੱਟੂ ਉਤੇ ਟੱਪ ਚੜ੍ਹਦੀ ਅਤੇ "ਛੜੇ ਨੇ ਮੈਨੂੰ ਅੱਖ ਮਾਰੀ" ਦੇ ਗੀਤਾਂ ਟਪੂਸੀਆਂ ਤੱਕ ਨਿੱਘਰ ਗਈ ਹੈ।*

*[2] ਯੂਨੈਸਕੋ ਦੀ ਸਰਵੇ ਅਨੁਸਾਰ ਪੰਜਾਬੀ ਜ਼ੁਬਾਨ ਆਉਂਦੇ 50 ਸਾਲਾਂ ਤੱਕ ਖ਼ਤਮ ਹੋ ਜਾਵੇਗੀ।*

- ਇਕ ਦਰਦ ਦਾ ਸ਼ੁਅਲਾ ਹੈ ਪਰ ਪੀੜ ਪਰਾਈ ਦਾ।
  ਦਸਦਾ ਹੈ ਜ਼ਮਾਨੇ ਨੂੰ ਇਉ ਵੀ ਮਚ ਜਾਈਦਾ।

- ਨਾਗਾਂ ਦੀ ਪਿਟਾਰੀ ਵਿਚ, ਕੁਝ ਨਾਗ ਜੋ ਕੀਲੇ ਸੀ,
  ਹੁਣ ਸ਼ੋਰ ਬੜਾ ਮਚਿਐ, ਉਨ੍ਹਾਂ ਦੀ ਰਿਹਾਈ ਦਾ।

- ਮਰਜਿਊੜੀ ਜੋ ਇਕ ਮਸਤੀ ਜੀਵਨ ਨੇ ਸਹੇੜੀ ਹੈ,
  ਯਾਰੋ ਕੀ ਨਾਮ ਲਵਾਂ, ਸੋਹਣੇ ਹਰਜਾਈ ਦਾ!

- ਮੈਂ ਉਸ ਨੂੰ ਕਿਹਾ ਜਾ ਕੇ, "ਆਇਉ ਜੀ, ਚਲੇ ਆਇਉ",
  ਹਰ ਪੈਰ 'ਤੇ ਮਿੱਤਰਾਂ ਨੂੰ, ਨਹੀਉਂ ਅਜ਼ਮਾਈਦਾ।

- ਆਉ ਹੁਣ ਸਿੱਖ ਲਈਏ ਢੰਗ ਰੁੱਤਾਂ ਸੰਭਾਲਨ ਦਾ,
  ਮੌਸਿਮ ਦਿਆਂ ਗੇੜਾਂ ਨੂੰ, ਕਿੰਵ ਬੰਨ੍ਹ ਬਹਾਈ ਦਾ।

- ਮਰਨਾ ਤਾਂ ਜ਼ਰੂਰੀ ਹੈ, ਮਰਨਾ ਹੀ ਸਚਾਈ ਹੈ,
  ਪਰ ਏਨਾ ਤਾਂ ਸਿੱਖ ਲਈਏ, ਕਿੰਵ ਆਈ ਜਾਈਦਾ?

- ਮਦਮਸਤ ਜਵਾਨੀ ਨੂੰ ਸਭਿਤਾ ਦੀ ਪਾਣ ਚੜ੍ਹੇ,
  ਜ਼ਾਲਿਮ ਦੀ ਜ਼ਿਦ ਮੂਹਰੇ, ਕੀਕਣ ਅੜ ਜਾਈਦਾ?

- ਲੋਕਾਂ ਦੀ ਤੰਦੀ ਤੋਂ, ਮਹਿਲਾਂ ਦੀ ਜੋ ਪੈੜ ਕਰੇ,
  ਕਿੰਵ ਤੌਂਕ ਗਲੋਂ ਲਾਹੀਏ, ਉਸ ਵਿੱਤ ਦੇ ਕਸਾਈ ਦਾ।

- ਅਪਣੀ ਹੈ ਤਾਂ ਰੋਕ ਲਵੋ, ਕੁਝ ਹੋਰ ਜਗਾਵੇਗੀ,
  ਰਸਤਾ ਨਾ ਕਦੇ ਰੋਕੋ ਪਰ ਪੀੜ ਪਰਾਈ ਦਾ।



- ਹੈ ਗੱਲ ਬੜੀ ਔਖੀ, ਫਿਰ ਵੀ ਅਜ਼ਮਾਵਾਂਗੇ,
  ਮਨ ਮਚਲਦੀਆਂ ਪੀੜਾਂ ਨੂੰ, ਹੈ ਕਿੰਵ ਸੁਲਾਈਦਾ!

- ਇਕ ਦਰਦ ਅੱਵਲਾ ਜੋ, ਤੂੰ ਦੇ ਕੇ ਉਠ ਗਿਉਂ।
  ਹਰ ਪਲ ਹਰ ਝਟ-ਘੜੀ, ਜੀ ਨਾਲ ਹੰਢਾਈ ਦਾ।

- ਅੰਦਰ ਜੇ ਨਹੀਂ ਪੀੜਾ ਦਿਲ ਦਰਦ ਨਹੀਂ ਮੰਨਦਾ,
  ਫਿਰ ਕਿੰਵ ਪਤਾ ਲੱਗੂ, ਉਸ ਪੀੜ ਪਰਾਈ ਦਾ।

- ਕੁਝ ਆਪੇ ਹੀ ਮੁਕਰਨਗੇ, ਕੁਝ ਨੂੰ ਮੁਕਰਾਵਾਂਗੇ,
  ਹਾਕਮ ਵਿਚ ਜ਼ੋਰ ਬੜਾ ਹੈ ਅਪਣੀ ਸਫਾਈ ਦਾ।

- ਦੁਨੀਆਂ ਜੋ ਇਮਾਰਤ ਹੈ, ਰੰਗਾਂ ਦੀ ਇਬਾਰਤ ਹੈ,
  ਰੰਗਾਂ ਦੀ ਇਬਾਰਤ ਚੋਂ, ਰੰਗ ਅਪਣਾ ਬਣਾਈ ਦਾ।

- ਸਾਡੇ ਇਨਸਾਫ਼ ਦੇ ਰਾਹ, ਇਉਂ ਟੇਢੇ ਮੇਢੇ ਨੇ,
  ਰੁੱਖਾਂ ਤੋਂ ਪਰੇ ਹੋ ਕੇ ਖੜਸੁੱਕ ਹੋ ਜਾਈਦਾ।

- ਅੱਲਾ ਦੇ ਤੇ ਮੁੱਲਾਂ ਦੇ, ਰਾਹ ਵੱਖਰੇ ਵੱਖਰੇ ਨੇ,
  ਮਜ਼ਹਬ ਦੀ ਸਚਾਈ ਨੂੰ ਕਿਸ ਤੌਰ ਬਚਾਈ ਦਾ?

- ਪੀੜਾਂ ਦੀ ਤਾਂ ਫਿਤਰਤ ਹੈ, ਦਰਦਾਂ ਦੇ ਹੀ ਸਰ ਹੋਣਾ,
  ਚੇਤੇ ਰੱਖ 'ਕਾਲੜਿਆ', ਨਹੀਉਂ ਡਰ ਜਾਈਦਾ!

✡

- ਸੋਚ ਦੀ ਸਿੱਪੀ ਜਦੋਂ ਕਿਸ਼ਤੀ ਬਣੇ।
  ਉਮਰ ਭਰ ਸ਼ੁਭ ਅਮਲ ਦੇ ਮੋਤੀ ਜਣੇ।

- ਅਮਲ 'ਤੇ ਹੋਣੈ ਨਿਤਾਰਾ ਅੰਤ ਨੂੰ,
  ਅਮਲ ਹੀਣੇ ਡੁੱਬਦੇ ਬੇੜੀ ਸਣੇ।

- ਸਿਰਜਦੈ ਇਤਿਹਾਸ ਵਿਰਲਾ ਸੂਰਮਾ,
  ਪੁੱਤ ਭਾਵੇਂ ਲੱਖ ਮਾਵਾਂ ਨੇ ਜਣੇ।

- ਕੌਮ ਮਾਣੇ ਬੋਹੜ ਵਾਲੀ ਜ਼ਿੰਦਗੀ,
  ਸਿਰਜ ਨੈਤਕ ਕੀਮਤਾਂ ਵਾਲੇ ਤਣੇ।

- 'ਕਾਲੜਾ' ਨੇਕੀ ਦੀ ਹੁੰਦੀ ਹੈ ਵਿਜੈ,
  ਜਦ ਵੀ ਉਸ ਦੀ ਨਾਲ ਬਦੀਆਂ ਦੇ ਠਣੇ।

---

- *ਜਿਸ ਦੇਸ਼ ਦਾ ਕਿਰਤੀ ਸਦਾ ਤਰਸੇ ਤੁਆਮ ਨੂੰ,*
  *ਲਾਅਨਤ ਹੈ ਐਸੇ ਦੇਸ਼ ਦੀ ਸੱਤਾ ਦੇ ਨਾਮ ਨੂੰ।*

- *ਨੇਤਾ ਕਰਦੇ ਨੇ ਐਸ਼ ਲੋਕੀ ਲੈਣ ਹਉਕੇ ਹਾਵੇ,*
  *ਰੱਬ ਕਰੇ ਐਸੇ ਲੀਡਰਾਂ ਨੂੰ ਸੱਪ ਸੁੰਘ ਜਾਵੇ।*



✡

- ਇੱਕ ਮੁੱਦਤ ਤੋਂ ਬੀਮਾਰ ਹਾਂ।[1]
  ਚਲਨੇ ਫਿਰਨੇ ਤੋਂ ਲਾਚਾਰ ਹਾਂ।

- ਸਾਹ ਵੀ ਖੁੱਲ੍ਹ ਕੇ ਨਹੀਂ ਆ ਰਿਹਾ,
  ਬੈਠ ਸਕਣੋਂ ਅਵਾਜ਼ਾਰ ਹਾਂ।

- ਮੇਰੇ ਸੂਰਜ ਨੂੰ ਤਾਂ ਹੈ ਪਤਾ,
  ਰੌਸ਼ਨੀ ਹਾਂ ਲਗਾਤਾਰ ਹਾਂ।

- ਆਪ ਖ਼ੁਸ਼ਬੂ ਦੇ ਸੋਮੇਂ ਤਾਂ ਹੋ,
  ਮੈਂ ਵੀ ਫੁੱਲਾਂ ਦੀ ਗੁਲਜ਼ਾਰ ਹਾਂ।

- ਤੇਰੀ ਬਖਸ਼ਿਸ਼ ਦਾ ਪਾਤਰ ਹਾਂ ਮੈਂ,
  ਤੇਰੇ ਜੈਸਾ ਕਲਾਕਾਰ ਹਾਂ।

- ਮੌਤ ਨੂੰ ਇਹ ਸਮਝਣਾ ਪਊ,
  ਕਿ ਮੈਂ ਜੀਵਨ ਦਾ ਇਕਰਾਰ ਹਾਂ।

- ਹੱਸਕੇ ਝੱਲਾਂਗਾ ਘਿਰਣਾ ਤੇਰੀ
  ਪਿਆਰ ਦਾ ਜੋ ਗੁਨਾਹਗਾਰ ਹਾਂ।

- ਕੋਈ ਸਮਝੇ ਨਾ ਸਮਝੇ ਬਿਸ਼ਕ,
  ਜਗ ਦਾ ਕਰਤਾ ਹਾਂ 'ਕਰਤਾਰ' ਹਾਂ।

---

ਇਹ ਹਸਪਤਾਲ ਦੇ ਆਈ.ਸੀ.ਯੂ. ਵਿਚੋਂ ਲਿੱਖੀ ਚਿੱਠੀ ਹੈ।

✯

- ਜੀਅ ਕਰਦਾ ਹੈ ਜੀਵਨ ਭਰ ਹਰ ਵਾਰ ਚੜ੍ਹੇ।
ਅੱਜ ਵਰਗੇ ਚਾਵਾਂ ਦਾ ਰੰਗ ਅਪਾਰ ਚੜ੍ਹੇ।

- ਮੋਹ ਦੀ ਕਿਸ਼ਤੀ ਲੈ ਕੇ ਜੋ ਪਤਵਾਰ ਚੜ੍ਹੇ।
ਉਸ ਦਾ ਬੜਾ ਸ਼ੁਭ ਮੰਜ਼ਿਲ ਹਿਤ ਪਾਰ ਚੜ੍ਹੇ।

- ਲੈ ਕੇ ਜੋ ਆਦਰਸ਼ ਮੇਰਾ ਕਿਰਦਾਰ ਚੜ੍ਹੇ,
ਫਲੀਭੂਤ ਹੋਵੇ ਜਦ ਮਾਰੋ ਮਾਰ ਚੜ੍ਹੇ।

- ਕਿਸ ਮਾਂ ਨੇ ਈਸਾ ਵਰਗਾ ਪੁੱਤ ਜੰਮਣਾ ਹੈ,
ਜੋ ਅਪਣੇ ਹੀ ਮੋਢੇ ਲੱਦੀ ਦਾਰ ਚੜ੍ਹੇ।

- ਡੁਬਦਾ ਹੈ ਈਮਾਨ ਅਧਾਰਤ ਕੰਮ ਸਦਾ,
ਬਈਮਾਨੀ ਵਿਚ ਚਲਦਾ ਕਾਰੋਬਾਰ ਚੜ੍ਹੇ।

- ਲੋਕਾਂ ਨੇ ਤਾਂ ਭੁੱਖਮਰੀ ਹੀ ਸਹਿਣੀ ਹੈ,
ਕੁਰਸੀ ’ਤੇ ਰਾਜਾ ਜਾਂ ਵਿਸਵੇਦਾਰ ਚੜ੍ਹੇ।

- ਹੇ ਮਾਲਕ, ਧਰਤੀ ’ਤੇ ਸੁੱਖ ਵਰਤਾਵੀਂ ਤੂੰ,
ਹਰ ਮਨ-ਸੇਜਾ ’ਤੇ ਮੇਰਾ ‘ਕਰਤਾਰ’ ਚੜ੍ਹੇ।



✯

- ਵਿਰਲੇ ਹੀ ਚਿਹਰੇ ’ਤੇ ਹੁਣ ਹਰਿਆਲੀ ਰੁੱਖਾਂ ਵਰਗੀ ਹੈ।
ਜੀਵਨ-ਚਾਲ ਹੀ ਨਗਰ ਦੀਆਂ ਅਲਸਾਈਆਂ ਧੁੱਪਾਂ ਵਰਗੀ ਹੈ।

- ਪੂਰਬ ’ਚੋਂ ਉੱਗੇ ਸੂਰਜ ਦੀਆਂ ਕਿਰਨਾਂ ਦੀ ਪਹਿਲੀ ਸੂਰਤ,
ਪਿੰਡ ਦਿਆਂ ਖੇਤਾਂ ਵਿਚ ਉਗੀਆਂ ਕੋਮਲ ਗੰਦਲਾਂ ਵਰਗੀ ਹੈ।

- ਕੁਝ ਸਾਲਾਂ ਤੋਂ ਮੇਰੇ ਪਿੰਡ ਦਾ ਹਾਲ ਅਜੇਹਾ ਹੈ ਹੋਇਆ,
ਇਕ ਬਸਤੀ ਦੀਵਾਲੀ ਦੂਜੀ ਦਿਸਦੀ ਸਿਵਿਆਂ ਵਰਗੀ ਹੈ।

- ਪੈਰ ਪੈਰ ’ਤੇ ਹਾਬੜ ਹਾਬੜ ਹੁੰਦੀ ਹੈ ਹਰ ਵਿਹੜੇ ਵਿਚ,
ਖਾ-ਪੀ ਰਹੇ ਘਰਾਂ ਦੀ ਹਾਲਤ ਨੰਗੇ ਭੁਖਿਆਂ ਵਰਗੀ ਹੈ।

- ਤੈਨੂੰ ਸਰਮਾਏ ਦਾ ਬੂਟਾ ਕੋਕਣ ਬੇਰ ਜਿਹਾ ਲੱਗੇ,
ਐਪਰ ਮੈਨੂੰ ਉਸ ਦੀ ਫੁੱਲਨ ਲਗਦੀ ਮਿਰਚਾਂ ਵਰਗੀ ਹੈ।

- ਜਨਤਾ ਰੁਲਦੀ ਫੁਟ ਪਾਥਾਂ ’ਤੇ ਵਿਲਕੂੰ ਵਿਲਕੂੰ ਬਾਲਾਂ ਦੀ,
ਦੇਸ਼ ਮੇਰੇ ਦੀ ਹਾਲਤ ਯਾਰੋ, ਮੋਏ ਖ਼ਸਮਾਂ ਵਰਗੀ ਹੈ!

- ਭੁੱਖ ਮਰੀ ਦਾ ਕਹਿਰ ਵਰਤਦਾ ਦਿਸੇ ਸਾਧਾਰਨ ਬੰਦੇ ’ਤੇ,
ਪਰ ਅਫ਼ਸਰ ਤੇ ਨੇਤਾ ਦੀ ਰੂਹ ਹੋਈ ਕੁੱਤਿਆਂ ਵਰਗੀ ਹੈ।

- ਧਰਮਾਂ ਦੇ ਘਰ ਦਾ ਜੋ ਰਾਖਾ ਹੈ ਰਾਕਸ਼ ਹੈ ਬਣਿਆ ਬੈਠਾ,
ਧਰਮ ਦੇ ਪਰਦੇ ਹੇਠਾਂ ਉਸ ਦੀ ਹਾਲਤ ਗਿਰਝਾਂ ਵਰਗੀ ਹੈ।

- ਹੂਰਾਂ ਦੇ ਲਾਲਚ ਵਿਚ ਮੁੱਲਾਂ ਨਿਸ ਦਿਨ ਤਸਬੀ ਫੇਰ ਰਿਹਾ,
ਪਰ ‘ਕਰਤਾਰ’ ਨੂੰ ਅਪਣੀ ਬੀਵੀ ਲਗਦੀ ਹੂਰਾਂ ਵਰਗੀ ਹੈ।

☆

- ਆਪਣੀ ਬਸ ਏਹੋ ਕਮਾਈ ਹੈ।
  ਜ਼ਿੰਦਗੀ ਸਾਨ 'ਤੇ ਚੜ੍ਹਾਈ ਹੈ।

- ਪਿਆਰ ਤੇਰੇ ਦੀ ਰਹਿਨੁਮਾਈ ਹੈ,
  ਸਾਨੂੰ ਜੀਵਨ ਦੀ ਜਾਚ ਆਈ ਹੈ।

- ਪਾਰਸਾਈ ਹੈ ਯਾ ਦਨਾਈ ਹੈ,
  ਬੇ-ਵਫ਼ਾਈ ਤਾਂ ਬੇ-ਬਫ਼ਾਈ ਹੈ।

- ਦਿਲ ਦੀ ਐਲਬਮ ਫਰੋਲ ਬਹਿੰਦਾ ਹਾਂ,
  ਜਦ ਖੀ ਮਿੱਤਰਾਂ ਦੀ ਯਾਦ ਆਈ ਹੈ।

- 'ਅੰਨ੍ਹਾ ਬੋਲਾ' ਕਿਹਾਂ ਨਹੀਂ ਸਰਦਾ,
  ਮਾਇਆ ਧਾਰੀ ਨਿਪਟ ਕ਼ਸਾਈ ਹੈ।

- ਨੇਕ ਨੀਤੀ ਦੀ ਘਾਟ ਹੈ, ਵੈਸੇ,
  ਕਥਨ ਉਸ ਦਾ ਨਿਰੀ ਦਨਾਈ ਹੈ।

- ਸੋਚ ਮੇਰੀ ਦੀ ਸੋਚ ਵਿਚ ਆ ਕੇ,
  ਕਿਸ ਨੇ ਹਲਚਲ ਜਹੀ ਮਚਾਈ ਹੈ।

- ਸਾਂਤ ਚਿੱਤ ਰਹਿ ਸਕਾਂਗਾ ਮੈਂ ਕੀਕਣ,
  ਮਨ 'ਚ ਸੋਚਾਂ ਦੀ ਜਦ ਦੁਹਾਈ ਹੈ।

- ਹੁਣ ਦੇ ਯੁਗ ਵਿਚ ਨਿਮਾਣੇ ਮੰਗਤੇ ਨੂੰ,
  ਕਿਸ ਮੁਹੱਬਤ ਦੀ ਖ਼ੈਰ ਪਾਈ ਹੈ!

- 'ਕਾਲੜੇ' ਨੂੰ ਸਲਾਮ ਸੌ ਵਾਰੀ,
  ਜਿਸ ਨੇ ਛਹਿਬਰ ਗ਼ਜ਼ਲ ਦੀ ਲਾਈ ਹੈ।



☆

- ਇਹ ਪਰਚਮ ਤੜਫਦਾ ਦਿਸੇ, ਡੰਗੋਰੀ ਡੋਲਦੀ ਲੱਗੇ।
  ਸਦਾਅ ਬਾਪੂ ਦੀ 'ਹਾਏ ਰਾਮ,'' ਦੁਖ ਵਿਚ ਬੋਲਦੀ ਲੱਗੇ।

- ਕਿਰਤ-ਹਾਂਡੀ ਚੋਂ ਉੱਬਲ ਕੇ ਹੈ ਸੁੱਕ ਚਲਿਆ ਨਿਰਾ ਪਾਣੀ,
  ਉਹਦੀ ਔਲਾਦ ਰੋਂਦੀ 'ਹਾਏ ਰੋਟੀ' ਬੋਲਦੀ ਲੱਗੇ।

- ਅਜੇ ਤਾਂ ਕੁਝ ਹੀ ਖ਼ੱਤੇ ਖੋਹ ਕੇ ਦਿੱਤੇ ਨੇ ਧਨਾਡਾਂ ਨੂੰ,
  ਕਿਸਾਨੀ ਵਾਸਤੇ ਅਧਰੰਗ ਬੂਹੇ ਖੋਲ੍ਹਦੀ ਲੱਗੇ।

- ਭਲਾਈ, ਦੇਸ਼-ਭਗਤੀ, ਨੇਕ-ਨੀਤੀ ਤੇ ਸ਼ਰਾਫ਼ਤ ਵੀ,
  ਸਿਆਸੀ ਜ਼ਿੰਦਗੀ 'ਚੋਂ ਉਡਣ ਲਈ ਪਰ ਤੋਲਦੀ ਲੱਗੇ।

- ਬੜੇ ਖ਼ੁਸ਼ ਹੋ ਰਹੇ ਨੇਤਾ ਕਿ 'ਅੰਕਲ ਸਾਮ' ਖ਼ੁਸ਼ ਹੋਇਆ,
  ਉਨ੍ਹਾਂ ਦੀ ਉੱਚਿਆ ਮਹਿਲਾਂ 'ਚ ਤੂਤੀ ਬੋਲਦੀ ਲੱਗੇ।

- ਨਵੇਂ ਰਚਕੇ ਘੁਟਾਲੇ ਰੋਜ਼, ਟਿੰਡ ਵਿਚ ਪਾ ਕੇ ਨਿੱਤ ਕਾਨਾ,
  ਵਿਵਸਥਾ ਫੜਕੇ ਝਾੜੂ, ਰੋਜ਼ ਮਾਇਆ ਰੋਲਦੀ ਲੱਗੇ।

- ਨਿਮਾਣੇ 'ਕਾਲੜੇ' ਦੀ ਤਾਂ ਨਜ਼ਰ ਵਿਚ ਢੇਰ ਲੋਕਾਈ,
  ਭਰਨ ਲਈ ਪੇਟ, ਜੂਠਨ ਰੂੜੀਆਂ ਤੋਂ ਫੋਲਦੀ ਲੱਗੇ।

✡

- ਪ੍ਰਬੰਧਕ ਚਤੁਰਾਈ ਯਾ ਦਾਨਾਈ ਹੈ।
  ਪਾਣੀ ਵਿਚ ਮੱਛੀ ਹੈ ਪਰ ਤਰਿਹਾਈ ਹੈ

- ਹਾਲੇ ਤਕ ਵਿਗਿਆਨੀ ਵੀ ਨਹੀਂ ਮਾਪ ਸਕੇ,
  ਮਨ-ਸਾਗਰ ਦੀ ਜੋ ਬੇਅੰਤ ਡੂੰਘਾਈ ਹੈ।

- ਘਰ ਕਰਕੇ ਬੈਠੈ ਮੇਰੇ ਮਨ-ਮੰਦਰ ਵਿਚ,
  ਫਿਰ ਵੀ ਮੈਂ ਮੰਨਦਾ ਹਾਂ ਉਹ ਹਰਜਾਈ ਹੈ !

- ਗਲ-ਗਲਵੱਕੜੀ ਦੀ ਗੱਲ ਵੀ ਸੁੰਦਰ ਹੈ ਪਰ,
  ਮਨ-ਗਲਵੱਕੜੀ ਦੀ ਗੱਲ ਮਨ ਨੂੰ ਭਾਈ ਹੈ।

- ਅੰਨ੍ਹਾਂ ਬੋਲਾ ਆਖਣ ਨਾਲ ਨਹੀਂ ਸਰਦਾ,
  ਮਾਇਆ ਧਾਰੀ ਤਾਂ ਹੁਣ ਨਿਪਟ ਕ਼ਸਾਈ ਹੈ।

- ਗੱਲ ਜਾਪੇ ਲੋਕਾਂ ਦੀ ਲਾਭ ਧਨਾਢਾਂ ਦਾ,
  ਸਾਡੇ ਅਰਥ-ਗਿਆਨੀ ਦੀ ਚਤੁਰਾਈ ਹੈ।

- ਇਕ ਗ਼ਜ਼ਲਗੋ ਮੈਨੂੰ ਸ਼ਾਇਰ ਮੰਨਦਾ ਨਹੀਂ,
  ਉਸ ਉਪਰ ਪੈ ਗਈ ਮੇਰੀ ਪਰਛਾਈ ਹੈ।

- ਦਾਲ 'ਕਾਲੜਾ' ਤੇਰੀ ਤਾਂ ਹੀ ਗਲਦੀ ਨਈਂ,
  ਤੇਰੇ ਅੰਦਰ ਬਾਹਰ ਨਗਨ ਸਚਾਈ ਹੈ।



✡

- ਮੌਤ ਹੈ ਨੇੜੇ ਤੇ ਜੀਵਨ ਦੂਰ ਹੈ।
  ਫੇਰ ਵੀ ਜੀਵਨ ਇਹ ਰਸ-ਭਰਪੂਰ ਹੈ !

- ਰੌਸ਼ਨੀ ਮੁਖੜੇ ਤੋਂ ਵੀ ਝਰਦੀ ਪਈ,
  ਮੇਰੇ ਹਿਰਦੇ ਵਿਚ ਇਲਾਹੀ ਨੂਰ ਹੈ।

- ਪ੍ਰੇਮ ਦਾ ਪੀਤਾ ਪਿਆਲਾ ਜਿਸ ਕਿਸੇ,
  ਉਮਰ ਭਰ ਲਈ ਹੋ ਗਿਆ ਮਖ਼ਮੂਰ ਹੈ।

- ਝਲਕ ਜਦ ਤੋਂ ਪੈ ਗਈ ਮਹਾਂ ਨੂਰ ਦੀ,
  ਉਤਰ ਆਇਆ ਮਨ 'ਚ ਹੀ ਕੋਹ ਤੂਰ ਹੈ।

- ਮੁਸ਼ਕਿਲਾਂ ਵਿਚ ਘਿਰ ਕੇ ਵੀ ਆਚਾਰਵੰਤ,
  ਮਾਨਵੀ ਜੀਵਨ ਦਾ ਉੱਚ ਦਸਤੂਰ ਹੈ।

- ਹੱਥ ਬੰਨ੍ਹੇ, ਬੇੜੀਆਂ ਪੈਰਾਂ 'ਚ ਨੇ,
  ਉਦਮੀਆਂ ਲਈ ਪਰ ਨਾ ਮਜ਼ਿਲ ਦੂਰ ਹੈ।

- 'ਕਾਲੜਾ' ਤੇਰੀ ਨਿਰੰਤਰ ਘਾਲਣਾ,
  ਕਿਰਤ ਤੇ ਬੂਟੇ ਨੂੰ ਲੱਗਿਆ ਬੂਰ ਹੈ।

✯

- ਆਦਮੀ ਬੈਠਾ ਹੈ ਹਰ ਵਲੇ ਕਿਸੇ ਦੀ ਮਾਰ 'ਤੇ।
  ਪੜ੍ਹ ਲਿਆ ਹੈ ਅਸਾਂ ਨੇ ਲਿਖਿਆ ਹੈ ਜੋ ਦੀਵਾਰ 'ਤੇ।

- ਦੇਸ਼ ਭਗਤੀ ਹੁਣ ਪਲੇ ਨਾ ਖ਼ੂਨ 'ਤੇ ਈਮਾਨ 'ਤੇ
  ਦੇਸ਼ ਭਗਤੀ ਹੁਣ ਤਾਂ ਪਲਦੀ ਰਿਸ਼ਵਤੀ ਕਿਰਦਾਰ 'ਤੇ।

- ਆਪਣੀ ਹਿੰਮਤ 'ਤੇ ਸ਼ੱਕ ਉਕਾ ਨਹੀਂ, ਨਾ ਪਹੁੰਚ 'ਤੇ,
  ਸ਼ੱਕ ਹੈ ਕੇਵਲ ਤਾਂ ਉਹ ਹੈ ਆਪਣੀ ਸਰਕਾਰ 'ਤੇ।

- ਗੋਲਕਾਂ ਜੇ ਧਰਮੀਆਂ ਦੀ ਮਾਰ ਤੋਂ ਬਚ ਜਾਣ ਤਾਂ,
  ਮਤ ਨਾਨਕ ਦਾ ਉਦੋਂ ਪਸਰੇਗਾ ਕੁੱਲ ਸੰਸਾਰ 'ਤੇ।

- ਵੇਚਦੇ ਹਾਂ ਵੋਟ ਜਦ ਨਸ਼ਿਆਂ ਤੇ ਨੋਟਾਂ ਦੇ ਇਵਜ਼,
  ਫਿਰ ਭਲੇ ਦੀ ਆਸ ਰੱਖ ਸਕਦੇ ਹਾਂ ਕਿਸ ਆਧਾਰ 'ਤੇ।

- ਰੋ ਰਹੇ ਵਾਤਾਨੁਕੂਲਾਂ ਵਿਚ ਬਹਿ ਕੇ ਧਨ-ਕੁਬੇਰ,
  ਹੱਸਦੇ ਮਰਜੀਵੜੇ ਵੇਖੇ ਨੇ ਲਟਕੇ ਦਾਰ 'ਤੇ।

- 'ਕਾਲੜਾ' ਜੀ ਜ਼ਿੰਦਗੀ ਨੇ ਪਾਲਿਆ ਹੈ ਸਾਥ ਖ਼ੂਬ,
  ਟੇਕ ਅਪਣੀ ਜੋ ਸੁਭੌਂਕੀ ਹੈ ਰਹੀ, 'ਕਰਤਾਰ' ਤੇ।



✯

- ਕਾਸ਼ ! ਕਿ ਤੇਰੀ ਅੱਖ ਦੀ ਜਗਦੀ ਪੁਤਲੀ ਹੁੰਦੀ।
  ਤਾਂ ਤੈਨੂੰ ਲੋਕਾਂ ਦੀ ਹਾਲਤ ਦਿਸਦੀ ਹੁੰਦੀ।

- ਮੇਰੇ ਸਹਿਜ ਤੁਖ਼ਈਅਲ 'ਤੇ ਜੇ ਉਸਾਰੀ ਹੁੰਦੀ।
  ਤਾਂ ਇਹ ਦੁਨੀਆਂ ਵਾਂਗ ਗ਼ਜ਼ਲ ਦੇ ਨਿਖਰੀ ਹੁੰਦੀ।

- ਅੱਖ ਲੱਗਣ 'ਤੇ ਜੇਕਰ ਨਾ ਸੁਸਤਾਈ ਹੁੰਦੀ,
  ਅੱਜ ਦੀ ਰਾਤ ਮੇਰੇ 'ਤੇ ਮੁੜ ਕਹਿਰਾਂ ਦੀ ਹੁੰਦੀ।

- ਤੈਨੂੰ ਵੀ ਜੇ ਕਿਰਤੀ ਬਣਕੇ ਜਿਉਣਾ ਪੈਂਦਾ,
  ਮਹਿੰਗ ਦੀ ਚੱਕੀ ਤਾਂ ਦੁਨੀਆਂ ਨਾ ਪਿਸਦੀ ਹੁੰਦੀ।

- ਲੋਕ ਵੇਦਨਾ ਨਾਲ ਤਾਂ ਇਹ ਵੀ ਤਰ ਹੁੰਦੀ ਨਾ,
  ਜੇ ਕਿਧਰੇ ਮੇਰੀ ਵੀ ਅੱਖ ਪੱਥਰ ਦੀ ਹੁੰਦੀ।

- ਬਾਜ਼ ਦੀ ਅੱਖ ਤੇ ਪਰ ਜੇ ਮੈਨੂੰ ਵੀ ਮਿਲ ਜਾਂਦੇ,
  ਅਰਸ਼ਾਂ ਤੱਕ ਮੇਰੀ ਹਸਤੀ ਵੀ ਪਸਰੀ ਹੁੰਦੀ।

- ਤੇਰੇ ਚਕਮੇ ਦੇ ਵਿਚ ਵੋਟਰ ਆ ਨਾ ਸਕਦਾ,
  ਜੇ ਉਸ ਨੂੰ ਵੀ ਸਹੀ ਸਿੱਖਿਆ ਮਿਲਦੀ ਹੁੰਦੀ।

- ਅਰਥ-ਗਿਆਨੀ ਲੋਕ-ਮੁਖੀ ਹੁੰਦਾ ਜੇ ਸਾਡਾ,
  ਲੋਕਾਂ ਦੀ ਹਾਲਤ ਏਨੀ ਨਾ ਨਿੱਘਰੀ ਹੁੰਦੀ।

- ਸਸਤੇ ਨਾਅਰੇ ਲਾਓ ਲੁਟਾਵੋ ਲੋਕ ਖਜ਼ਾਨਾ,
  ਦੇਸ਼ ਲਈ ਇਹ ਸੋਚ 'ਕਾਲੜਾ' ਮੰਦੀ ਹੁੰਦੀ।

- ਤੁਸਾਂ ਉਡ ਉਡ ਜੈਟਾਂ ਉੱਤੇ ਗਾਏ ਰਾਗ ਮਾਰੂ।
  ਬੋਟ ਮਮਤਾ ਦੇ ਖੰਭਾਂ ਹੇਠੋਂ ਫੇਰ ਵੀ ਉਡਾਰੂ।

- ਧੁੱਪਾਂ ਚੜ੍ਹਕੇ ਬਨੇਰੇ ਉਹਦੀ ਪੈੜ ਵਿਹੰਦੀਆਂ,
  ਜਿਹੜਾ ਜੂਝ ਕੇ ਹਨੇਰਿਆਂ ’ਤੇ ਹੁੰਦਾ ਰਹੇ ਭਾਰੂ !

- ਸਾਡੇ ਹੌਸਲੇ ਕਿ ਉਹਨੂੰ ਪਹਿਲੀ ਮੀਟੀ ਮਾਤ ਦਿੱਤੀ,
  ਜੀਹਨੂੰ ਆਖਦੇ ਸੀ ਲੋਕੀ : ਸੱਤਾਂ ਪੱਤਨਾਂ ਦਾ ਤਾਰੂ।

- ਤੇਰੀ ਨੀਤੀਆਂ ਦੀ ਛਾਂ ਨੇ ਸਾਡੀ ਧੁੱਪ ਖਾ ਲਈ,
  ਖਾ ਕੇ ਯਖ਼ ਵਿਚ ਡੋਬੇ, ਕਿਹੜਾ ਜ਼ਿੰਦਗੀ ਗੁਜ਼ਾਰੂ?

- ਲੋਕ ਘੂਰੀ ਉਹਦੀ ਅੱਖ ਦੀ ਖ਼ੁਮਾਰੀ ਪੀ ਗਈ,
  ਜਿਹੜਾ ਲੋਕ-ਰੱਤ ਪੀਣ ਉਤੇ ਹੋਇਆ ਸੀ ਉਤਾਰੂ !

- ਲੋਕ ਮੰਜ਼ਿਲਾਂ ’ਤੇ ਕਿਵੇਂ ਭਲਾ ਪਹੁੰਚ ਜਾਣਗੇ,
  ਪੈਰ ਪੈਰ ’ਤੇ ਖਿਲਾਰਦਾ ਹੈ ਕੰਡੇ ਜਦੋਂ ਪਾਹਰੂ !

- ਉਹਨੇ ਜਦੋਂ ਤੋਂ ਨੇ ਪਾਲੀਆਂ ਹਵੇਲੀਂ ਡਾਚੀਆਂ,
  ਸਾਡਾ ਲੁਟ ਲਿਆ ਚਾਰਾ, ਲੇਵੇ ਸੋਕ ਲਏ ਦੁਧਾਰੂ !

- ਮੌਤ ਜ਼ਿੰਦਗੀ ਦੇ ਦਰੋਂ ਭੀਖ ਮੰਗੇ ਕਾਸਾ ਅੱਡੀ,
  ਲੱਭੋ ਵੈਦ ਕੋਈ ਕਰੇ ਆ ਕੇ ਜ਼ਿੰਦਗੀ ਦਾ ਦਾਰੂ !

- ਮਰ ਜਾਣਾ ਹੈ ਸਰੀਰ, ਕੋਈ ਬਖ਼ਸ਼ੇ ਜ਼ਮੀਰ,
  ਸੌਰੂ ਜ਼ਿੰਦਗੀ ਅਖ਼ੀਰ ਹੋਵੇ ਸੋਚ ਜੇ ਉਸਾਰੂ।

- ਤੇਰੀ ਬੇਰੁਖੀ ਨਾ ਡੇਗ ਸਕੀ ਸਾਡੇ ਹੌਸਲੇ,
  ਸਾਰੀ ਜੁੰਡਲੀ ਸੀ ਭਾਵੇਂ ਏਸ ਗੱਲ ’ਤੇ ਉਤਾਰੂ।

- ਕਾਹਨੂੰ ਉਹਦੇ ਉਤੇ ਆਸਾਂ ਲਾਈ ਬੈਠੈਂ ‘ਕਾਲੜਾ’
  ਜੀਹਨੇਂ ਕੌਮ ਦੀ ਨਾ ਸੋਚੀ,ਦਸ ਤੇਰਾ ਕੀ ਸਵਾਰੂ?

- ਯਾਰਾ ਤੇਰੀ ਬੇ-ਰੁਖੀ ਨੇ ਜਦੋਂ ਰੁੱਖ ਮੋੜ ਲੀਤਾ,
  ਫੇਰ ਦੇਖੀਂ ‘ਕਰਤਾਰ’ ਆਪੇ ਜ਼ਿੰਦਗੀ ਨਿਖਾਰੂ !!



- ਜਦ ਕਦੇ ਚਿਤਵੇਂਗਾ ਮੈਨੂੰ ਤਾਂ ਚਲਾ ਆਵਾਂਗਾ ਮੈਂ !
  ਗੀਤ ਤੇਰੇ ਹਿਜਰ ਵਿਚ ਵੀ ਪਿਆਰ ਦੇ ਗਾਵਾਂਗ ਮੈਂ।

- ਨਾ ਤਾਂ ਮੇਰੇ ਅੰਗ ਕੋਮਲ ਨਾ ਹੀ ਝੋਲੇ ਵਿਚ ਸ਼ਰਾਬ,
  ਫਿਰ ਅਲੋਚਕ ਦੀ ਨਜ਼ਰ ਨੂੰ ਕਿਸ ਤਰ੍ਹਾਂ ਭਾਵਾਂਗਾ ਮੈਂ।[1]

- ਮੈਂ ਤਾਂ ਅਪਣੀ ਜ਼ਿੰਦਗੀ ਵਿਚ ਪਾਲਿਐ ਆਦਰਸ਼ ਨੂੰ,
  ਕਿਸ ਤਰ੍ਹਾ ਫਿਰ ਦਸ ਜੁਗਾੜੀ ਰੂਪ ਕਰ ਪਾਵਾਂਗਾ ਮੈਂ !

- ਨਾ .ਗਜ਼ਲ ਵਿਚ, ਨਾ ਸਮਾਜਕ ਸੂਝ ਵਿਚ ਪਰਪੱਕ ਤੂੰ,
  ਫਿਰ ਤੇਰੇ ਦਰ ਲੈ ਕੇ ਦਸ ਦੀਵਾਨ ਕਿੰਵ ਆਵਾਂਗਾ ਮੈਂ?

- ਨਾ ਅਗਾੜੀ ਨਾ ਪਿਛਾੜੀ ਹੋ ਕੇ ਮੂਰਖ ਘੁੰਮ ਸਕਾਂ,
  ਕਿੰਵ ਇਨਾਮਾਂ ਦੀ ਲਲਕ ਦਾ ਭਾਗ ਬਣ ਪਾਵਾਂਗਾ ਮੈਂ।

- ਮੈਂ ਤਾਂ ਉਸ ਮਹਿਬੂਬ ਦਾ ਕਾਸਦ ਹਾਂ, ਸਾਹਿਤਕਾਰ ਹਾਂ,
  ਫਿਰ ਕਸੀਏ ਕਿੰਵ ਕਿਸੇ ਦਰਬਾਰ ਦੇ ਗਾਵਾਂਗਾ ਮੈਂ।

- ਉਮਰ ਨਤਮਸਤਕ ਉਸੇ ਦਰ ਹੋ ਕੇ ਬੀਤੀ ਹੈ ਮੇਰੀ,
  ‘ਕਾਲੜਾ’ ਹੁਣ ਕਿੰਵ ਕਿਸੇ ਦੂਜੇ ਦਾ ਬਣ ਪਾਵਾਂਗਾ ਮੈਂ?

---

*[1]ਇਸ ਸ਼ਿਅਰ ਦਾ ਮਫ਼ਹੂਮ ਹਰਿਆਣੇ ਦੇ ਕਿਸੇ .ਗਜ਼ਲਗੋ ਦਾ ਹੈ।*

✯

- ਮੈਂ ਸੂਰਜ ਕਿਰਨ ਹਾਂ ਚਾਨਣ ਦੀ ਤੇ ਨਿੱਘਾ ਵੰਡਾਉਂਦਾ ਹਾਂ।
  ਮਨਾਂ ਵਿਚ ਰੌਸ਼ਨੀ ਭਰਦਾ ਹਾਂ, ਭਰਮਾਂ ਨੂੰ ਮਿਟਾਉਂਦਾ ਹਾਂ।

- ਹਨੇਰੇ ਬਾਜ਼ ਘੋਰ ਅਪ੍ਰਾਧ ਕਰਦੇ ਨੇ ਹਨੇਰੇ ਵਿਚ,
  ਮੈਂ ਚਾਨਣ ਕਰਕੇ ਐਸੇ ਨ੍ਹੇਰ ਤੋਂ ਪਰਦਾ ਉਠਾਉਂਦਾ ਹਾਂ।

- ਬਣਾਂ ਨਾਨਕ ਜਦੋਂ ਤਾਂ ਮੈਂ ਭਲਾ ਸਰਬੱਤ ਦਾ ਲੋਚਾਂ,
  ਭਲੇ ਗੁਰ ਤੇਗ਼ ਹੋ ਕੇ ਸੀਸ ਤੱਕ ਭੇਟਾ ਚੜ੍ਹਾਉਂਦਾ ਹਾਂ।

- ਸਿਆਸੀ ਇੰਦਰਾਂ ਦੇ ਕੁਲ ਸਿੰਘਾਸਨ ਡੋਲ ਜਾਂਦੇ ਨੇ,
  ਜਦੋਂ ਆਕਾਸ਼ ਦੇ ਵਿਚ ਸੱਚ ਦਾ ਪਰਚਮ ਝੁਲੌਂਦਾ ਹਾਂ।

- ਨੇ ਰਾਵਨ ਛਾਏ ਹੋਏ ਹਰ ਸਿਆਸੀ ਪਾਰਟੀ ਉੱਤੇ
  ਮੈਂ ਡਰਦਾ ਹਾਂ ਤੇ ਅਪਣੇ ਰਾਮ ਨੂੰ ਮਨ ਵਿਚ ਛੁਪੌਂਦਾ ਹਾਂ।

- ਜੇ ਭਸਮਾ ਸੁਰ ਦੇ ਟੇਟੇ ਚੜ੍ਹ ਗਿਆ ਤਾਂ ਭਸਮ ਹੋ ਜਾਊ,
  ਜੋ ਮਨ ਅੰਦਰ ਹੈ ਸ਼ਿਵ ਬੈਠਾ ਮੈਂ ਉਸ ਦੀ ਖ਼ੈਰ ਚਾਹੁੰਦਾ ਹਾਂ।

- ਮੈਂ ਹਾਂ 'ਕਰਤਾਰ' ਤੇ ਹਾਂ ਸੱਚ ਦਾ ਮੁੱਢੋਂ ਹੀ ਸ਼ੈਦਾਈ,
  ''ਹੈ ਊਪਰ ਸੱਚ ਤੋਂ ਆਚਾਰ'', ਬੋਲਾਂ ਨੂੰ ਪੁਗੌਂਦਾ ਹਾਂ।



✯

- ਤੇਰੀ ਪਛਾਣ ਦੀ ਹੈ ਨਾ ਮੇਰੀ ਪਛਾਣ ਦੀ।
  ਨੇਤਾ ਨੂੰ ਜਾਚ ਆ ਗਈ, ਭੇਡੂ ਲੜਾਣ ਦੀ।

- ਗੱਦੀ ਜਦੋਂ ਵੀ ਜਾਪਦੀ ਹਿਲਦੀ ਵਜ਼ੀਰ ਨੂੰ,
  ਸੁੱਤੀ ਜੋ ਸੱਚ ਜਾਗਦੀ ਜਨਤਾ ਦੇ ਘਾਣ ਦੀ।

- ਗਲੀਆਂ 'ਚ ਦਿਨ ਨੂੰ ਵੀ ਜਦੋਂ ਬੱਤੀਆਂ ਨੇ ਜਗਦੀਆਂ,
  ਸੂਰਜ ਨੂੰ ਲੋੜ ਪੈ ਗਈ, ਚਸ਼ਮਾ ਲਗਾਣ ਦੀ।

- ਜੇ ਲਾਜ ਪਾਲਣੀ ਸੀ ਉਸ ਬਾਪੂ ਦੀ ਪੱਗ ਦੀ,
  ਕੀ ਲੋੜ ਸੀ ਰਕਾਨ ਨੂੰ ਅੱਖੀਆਂ ਲੜਾਣ ਦੀ?

- ਰਿਸ਼ਤੇ ਜੇ ਮੁੜਕੇ ਜੋੜਨੇ ਦੀ ਸੋਚ ਆ ਬਣੇ,
  ਹੁੰਦੀ ਹੈ ਲੋੜ ਪਿਛਲੀਆਂ ਗੱਲਾਂ ਭੁਲਾਣ ਦੀ।

- ਬੇੜਾ ਕਰੇਂਗਾ ਪਾਰ ਕੀ ਤੂੰ ਦਸ ਮੁਹਾਣਿਆ?
  ਸਿੱਖੀ ਨਾ ਜਾਚ ਤੂੰ ਅਜੇ ਚੱਪੂ ਚਲਾਣ ਦੀ।

- ਮਿਹਨਤ ਤੋਂ ਜੀ ਚੁਰਾਏ ਜੋ ਆਲਸ ਦਾ ਮਾਰਿਆ,
  ਲੋਚੇਗਾ ਕਿਸ ਤਰ੍ਹਾਂ ਭਲੀ ਕਿਸਮਤ ਬਨਾਣ ਦੀ।

- ਮੈਂਬਰ ਹੀ ਸੰਸਦਾਂ ਦੇ ਜਦ ਬੋਲੀ 'ਤੇ ਵਿਕ ਰਹੇ,
  ਸੋਚੇਗਾ ਕੌਣ 'ਕਾਲੜਾ' ਰਿਸ਼ਵਤ ਮਿਟਾਣ ਦੀ?

- ਬੇੜੀਆਂ ਡੁੱਬਦੀਆਂ ਵੀ ਤਾਰੇਗਾ।
ਪਿਆਰ ਜੀਵਨ ਦਾ ਰੰਗ ਨਿਖਾਰੇਗਾ।

- ਮੌਤ ਗੋਦੀ 'ਚ ਸਾਂਭ ਲੈਣਾ ਹੈ,
ਬੰਦਾ ਜੀਵਾਨ ਤੋਂ ਜਦ ਵੀ ਹਾਰੇਗਾ।

- ਬਣ ਹੀ ਰਹਿੰਦੀ ਹੈ ਮੇਲ ਦੀ ਹਸਰਤ,
ਪਿਅਰ ਨੂੰ ਕੋਈ ਕਿੰਵ ਵਿਸਾਰੇਗਾ?

- ਜਨਮ ਭੂਮੀ ਤੋਂ ਘਰ ਤੋਂ, ਸਭਿਅਤਾ ਤੋਂ
ਵਿਛੜਨਾ ਕੋਈ ਕਿੰਵ ਸਹਾਰੇਗਾ?

- ਜਾਪ ਰੂਹ ਨਾਲ ਸ਼ਬਦ ਦਾ ਕੀਤਾ
ਤਪਦੇ ਹੋਏ ਮਨਾਂ ਨੂੰ ਠਾਰੇਗਾ।

- ਬਦਜ਼ਨੀ ਤੋਂ ਕਮਾਈ ਹੈ ਜਿਸ ਦੀ,
ਖ਼ੁਦ ਨੂੰ ਕਿਉਂਕਰ ਭਲਾ ਸੁਧਾਰੇਗਾ!

- ਸੋਚ ਸੁੱਚੀ ਹੈ ਸੱਚ ਦਾ ਕ੍ਰਿਸ਼ਮਾ,
ਸੱਚ ਵਣਜੇ ਜੋ ਸੱਚ ਪਸਾਰੇਗਾ।

- 'ਕਾਲੜਾ' ਜ਼ਿੰਦਗੀ ਦੇ ਸਹਿਜ ਲਈ,
ਕੌਣ ਦੁਨੀਆਂ ਨੂੰ ਲੱਤ ਮਾਰੇਗਾ?



- ਤੈਂਢੜੀ ਹਾਂ ਤੈਂਢੜੀ ਮੈਂ ਢੋਲਣਾ ਪਿਆਰਿਆ।
ਤੈਂਢੀਆਂ ਜੁਦਾਈਆਂ ਮੈਂਕੂ ਘੋਲ ਘੋਲ ਮਾਰਿਆ।

- ਨਸ਼ੇ ਦੀ ਖ਼ੁਮਾਰੀ ਸੁੱਤਾ ਸੁੱਤਾ ਤੁਰ ਗਿਉਂ ਵੇ,
ਥਲੀਂ ਭੁਜ ਵੰਞੀ ਹਾਂ ਮੈਂ ਹੋਤਾ ਹੈਂਸਿਆਰਿਆ।

- ਅੱਟੀ ਵੱਟੇ ਵਿਕ ਵੰਞੇਂ' ਕਿਤੇ ਮੇਰੇ ਕਾਣ ਵੇ ਤੂੰ ,
ਕਿਤੇ ਤੂੰ ਉਧਾਲਿਆਂ ਦੀ ਸੋਚ ਨੂੰ ਨਿਕਾਰਿਆ।

- ਧੰਨ ਕਾਲਾ ਬਾ.ਗ ਥੀਆ ਝੂਠਾ ਨਾਗ ਲੜਿਆ ਜਿਹ,
ਰੂਪ ਸੱਚੇ ਜੋਗੀੜੇ ਦਾ ਤੁਹੋਂ ਆਣ ਧਾਰਿਆ।

- ਭਈ ਹੈਂਸਿਆਰੀ ਭੱਥਾ ਟੰਗ ਬੈਠੀ ਜੰਡ ਉੱਤੇ,
ਹੇਜ 'ਚ ਭਿਰਾਵਾਂ ਦੇ ਮੈਂ ਰੜੇ ਤੈਂਕੂ ਮਾਰਿਆ ।

- ਇਸ਼ਕੇ ਦੀ ਹਿੰਡ, ਜਿੰਦੂ ਲਗ ਵੈਸੀ ਭੋਂਹ ਭਾੜੇ,
ਇੰਵ 'ਕਰਤਾਰ' ਅਸਾਂ ਕਦੋਂ ਸੀ ਚਿਤਾਰਿਆ!

- ਮਗਰਮੱਛੀ ਜ਼ਿੰਦਗੀ ਵਿਚ ਸਾਦਗੀ ਹੁੰਦੀ ਨਹੀਂ।
  ਮਾਵਾਂ ਦੀ ਮਮਤਾ ’ਚ ਉਕਾ ਬੇ-ਰੁਖੀ ਹੁੰਦੀ ਨਹੀਂ।

- ਚਮਕਦੇ ਰੰਗਾਂ ਦੇ ਪਿੱਛੇ ਦੌੜ ਨਾ ਤੂੰ ਕਮਲਿਆ,
  ਚਮਕਦੀ ਹਰੇਕ ਵਸਤੂ, ਕੀਮਤੀ ਹੁੰਦੀ ਨਹੀਂ।

- ਆਪਣੇ ਜੀਵਨ ਦੀਆਂ ਅਠਖੇਲੀਆਂ ਨੂੰ ਤਿਆਗ ਦੇ,
  ਸੂਝ ਵਾਲੀ ਕੋਈ ਹਰਕਤ, ਚੁਲਬਲੀ ਹੁੰਦੀ ਨਹੀਂ।

- ਸੋਹਣੀ ਹਰ ਏਕ ਸ਼ੈ ਹੀ ਅਪਣੀ ਕਰਨਾ ਲੋਚਦੈਂ,
  ਸੋਹਣੀ ਹਰ ਏਕ ਵਸਤੂ, ਆਪਣੀ ਹੁੰਦੀ ਨਹੀਂ।

- ਬੋਲ ਮੰਦੇ ਬੋਲ ਕੇ ਵੈਰੀ ਦਾ ਦਿਲ ਵੀ ਨਾ ਦੁਖਾ,
  ਬੋਲ ਤੋਂ ਤਿਖੀ ਕੋਈ ਵੀ ਦਾਤਰੀ ਹੁੰਦੀ ਨਹੀਂ।

- ਅਕ਼ਲ ਤਾਂ ਅਪਣੀ ਹੀ ਕੰਮ ਆਉਂਦੀ ਹੈ ਬੰਦੇ ਦੇ ਸਦਾ,
  ਅਕ਼ਲ ਵਰਗੀ ਕੀਮਤੀ ਸ਼ੈ ਮਾਂਗਵੀਂ ਹੁੰਦੀ ਨਹੀਂ।

- ਡਿਪਲੋਮੇਸੀ ਧਾਰ ਲੈ ‘ਕਰਤਾਰ’ ਜੀਵਨ ਜੁਗਤ ਵਿਚ,
  ਡਿਪਲੋਮੇਸੀ ਵਿਚ ਕੋਈ ਗੱਲ ਆਖ਼ਰੀ ਹੁੰਦੀ ਨਹੀਂ।



- ਹਰ ਸਮੇਂ ਸੱਚ ਕਹਿਣ ਦੀ ਸੁੱਚੀ ਕਸਰ ਪਾਲੀ ਅਸਾਂ।
  ਸਿਰ਼ਫ ਕਸਰਾਂ ਦੀ ਜਮ੍ਹਾਂ ਵਿਚ ਜ਼ਿੰਦਗੀ ਢਾਲੀ ਅਸਾਂ।

- ਬੇ ਰੁਖੀ ਹਰ ਪੈਰ ’ਤੇ ਝੱਲੀ ਜ਼ਮਾਨੇ ਦੀ ਬੜੀ,
  ਆਬ ਸੁੱਚੇ ਚਲਨ ਦੀ ਪਰ ਮੂਲ ਨਾ ਗਾਲੀ ਅਸਾਂ।

- ਮਾਰੂਥਲ ਦੀ ਖ਼ੁਸ਼ਕੀ ਗਰਮੀ ਦੇਹ ਉੱਤੇ ਭੋਗ ਕੇ,
  ਆਤਮਾ ਲਈ ਪਾਲ ਕੇ ਰੱਖੀ ਹੈ ਹਰਿਆਲੀ ਅਸਾਂ।

- ਤੇਰੀਆਂ ਯਾਦਾਂ ਦੇ ਮਕੜ-ਜਾਲ ਵਿਚ ਉਲਝੇ ਰਹੇ,
  ਹੋਸ਼ ਪਰ ਅੱਗਾ ਸਵਾਰਨ ਦੀ ਨਾ ਸੰਭਾਲੀ ਅਸਾਂ।

- ਤਾਨ ਦਿੱਤਾ ਸੀ ਖ਼ੁਦਾ ਨੇ, ਕੁਝ ਸਵਾਰੋ ਜਗਤ ਦਾ,
  ਆਪਣਾ ਪਰਵਾਰ ਪਾਲਣ ਦੀ ਹੀ ਹਿੰਡ ਪਾਲੀ ਅਸਾਂ।

- ਇਕ ਹੱਥ ਕੁਝ ਕਰ ਨਾ ਸਕਦਾ ਸੀ, ਜ਼ਮਾਨਾ ਬਦਲਿਐ,
  ਇਕ ਹੱਥ ਦੇ ਨਾਲ ਵੇਖੀ ਵੱਜਦੀ ਤਾਲੀ ਅਸਾਂ।

- ਸੀ ਤੇਰੇ ਮਿਲਣੇ ਦਾ ਵਾਅਦਾ ਇਸ ਜਨਮ ‘ਕਰਤਾਰ’ ਤਾਂ,
  ਦਰ ’ਤੇ ਆਈ ਮੌਤ ਵੀ ਦੁਰਕਾਰ ਕੇ ਟਾਲੀ ਅਸਾਂ।

✡

- ਜਦ ਬੇ-ਬਸੀ 'ਚ ਰਹਿਕੇ ਸੀ ਜ਼ਿੰਦਗੀ ਗੁਜ਼ਾਰੀ।
  ਤਦ ਮੌਤ ਵੀ ਤਾਂ ਸਾਨੂੰ ਮਿਲ ਪਾਈ ਨਾ ਉਧਾਰੀ।

- ਵਿਲਕੇ ਅਸੀਂ ਬਥੇਰੇ ਫਰਯਾਦ ਸੁਣ ਨਾ ਹੋਈ,
  ਜ਼ਾਲਿਮ ਨਿਜ਼ਾਮ ਨੇ ਪਰ ਇੱਕੋ ਹੀ ਚੁੱਪ ਧਾਰੀ।

- ਸਾਰਾ ਗਰਾਂ ਤਾਂ ਮੋਇਆ ਪਰ ਤਾਂ ਵੀ ਪਿੰਡ ਦੀ ਚੌਧਰ,
  ਖੰਡਿਆਂ ਦੇ ਆਈ ਹਿੱਸੇ, ਸਾਡੀ ਨਾ ਆਈ ਵਾਰੀ।

- ਰਹਿ ਰੀਂਗਦੇ ਅਸੀਂ ਸਾਂ ਪਰ ਮਹਿਰਮਾਂ ਦੇ ਘੋੜੇ,
  ਸਾਡੇ ਇਹਸਾਸ ਕੁਚਲੇ ਸਾਡੀ ਹੀ ਹੋਸ਼ ਮਾਰੀ।

- 'ਸੱਚ ਨੂੰ ਨਾ ਆਂਚ' ਕਹਿੰਦੇ ਪਰ ਸੱਚ ਦੇ ਕਤਲ ਹਿੱਤ,
  ਵਰਤੀ ਗਈ ਦੁਅਮਲੀ ਚਲਦੀ ਰਹੀ ਦੁਧਾਰੀ।

- ਆਪਾਂ ਰਹੇ ਸਾਂ ਸਾਦੇ ਪਰ ਕੁਝ ਦਿਲਾਂ ਦੇ ਖੋਟੇ,
  ਕੱਛ ਵਿਚ ਛੁਰੀ ਲਕੋ ਕੇ ਕਰਦੇ ਰਹੇ ਮੱਕਾਰੀ।

- ਦੱਸੀਂ ਹੇ ਮੇਰੇ ਮੌਲਾ ! ਕਿਉਂ ਸੌਂ ਗਿਆ ਤੂੰ, ਦੱਸੀਂ !
  'ਕਰਤਾਰ' ਨਾਂ ਰਖਾ ਕੇ ਖ਼ਲਕ਼ਤ ਕਿਵੇਂ ਵਿਸਾਰੀ?



✡

- ਉਮਰ ਭਰ ਰਹਿ ਕੇ ਕੁਟੀਚਰ ਦੋਸਤੋ।
  ਬਣ ਗਏ ਹਾਂ ਚੀਠ ਲੀਡਰ ਦੋਸਤੋ।

- ਸਿਰਜਿਐ ਜਦ ਮਨ 'ਚ ਮੰਦਰ ਦੋਸਤੋ,
  ਜਾਪਦੈ ਹੋ ਗਏ ਸਿਕੰਦਰ ਦੋਸਤੋ।

- ਕੀ ਭਲਾ ਬਾਹਰ, ਕੀ ਅੰਦਰ ਦੋਸਤੋ,
  ਜ਼ਿੰਦਗੀ ਹੋਈ ਅਡੰਬਰ ਦੋਸਤੋ।

- ਤਜੁਰਬੇ 'ਚੋਂ ਹੀ ਸਿਆਣਪ ਉਪਜਦੀ,
  ਸਫ਼ਲਤਾ ਦਾ ਮੂਲ ਮੰਤਰ ਦੋਸਤੋ।

- ਗਿਆਨ 'ਤੇ ਜੀਵਨ ਨੇ ਜਦ ਰੱਖੀ ਹੈ ਟੇਕ,
  ਮੁਕ ਗਏ ਮੰਗਲ ਸਨਿਚਰ ਦੋਸਤੋ।

- ਅਕ਼ਲ ਵਾਲਾ ਹੋ ਨਾ ਸਕਦਾ ਸੁਰਖ਼ਰੂ,
  ਅਜਬ ਜੀਵਨ ਦਾ ਸਤੋਤਰ ਦੋਸਤੋ।

- ਕਰ ਲਿਆ ਬੇੜੀ ਦਾ ਜਦ ਉੱਦਮ ਮਲਾਹ,
  ਤਰ ਗਏ ਸੱਤੇ ਸਮੁੰਦਰ ਦੋਸਤੋ।

- ਤੁਰ ਕੇ ਬਾਂਦਰ ਜੂਨ ਤੋਂ ਆਦਮ ਬਣੇ
  ਆਦਤੋਂ ਬੰਦਰ ਦੇ ਬੰਦਰ ਦੋਸਤੋ।

- 'ਕਾਲੜਾ' ਜਿਹੜਾ ਨਚਾਵੇ ਰਾਤ ਦਿਨ,
  ਮਨ 'ਚ ਉਹ ਵਸਦੈ ਕਲੰਦਰ ਦੋਸਤੋ।

✵

- ਨਹੀਂ ਹੈ ਸਾਰ ਦੁਨੀਆਂ ਦੀ ਜਵਾਨੀ ਮਚਲਦੀ ਆਖੇ।
  ਬੜੀ ਖ਼ੁਸ਼ਬੂ ਹੈ ਜੀਵਨ ਵਿਚ,'' ਕਲੀ ਇਕ ਮਹਿਕਦੀ ਆਖੇ।

- ਬਦਲਦੀ ਹੈ ਸਮੇਂ ਦੀ ਚਾਲ ਹੁਣ ਤੂੰ ਵੀ ਬਦਲ ਖ਼ੁਦ ਨੂੰ,
  ਕਈ ਦਿਖਲਾ ਕੇ ਰੰਗ ਅਪਣੇ ਇਹੋ ਜਾਂਦੀ ਸਦੀ ਆਖੇ।

- ਨਹੀਂ ਦੁਨੀਆਂ ਦੀ ਅੱਗ ਬੁਝਣੀ 'ਜੇ ਰੱਖੀ ਸਾਂਭ ਕੇ ਰਹਿਮਤ,
  ਬਰਸ ਰਹਿਮਤ, ਬਰਸ ਛੇਤੀ'', ਘਟਾ ਇਕ ਬਰਸਦੀ ਆਖੇ।

- ''ਬਦਲ ਸਕਦੀ ਹਾਂ ਦੁਨੀਆਂ ਨੂੰ ਮਿਲਣ ਹਾਲਾਤ ਜੇ ਚੰਗੇ,''
  ਮੇਰੇ ਮਨ ਪਿਆਰ ਦੀ ਅੱਗ, ਦੇਰ ਤੋਂ ਜੋ ਸੁਲਗਦੀ ਆਖੇ।

- ''ਜੇ ਹੁੰਦੀ ਮਿਲਖ ਲੋਕਾਂ ਦੀ, ਕਦੋਂ ਦੀ ਮਿਟ ਗਈ ਹੁੰਦੀ,
  ਵਸੀ ਹਾਂ ਲੀਡਰਾਂ ਅੰਦਰ, ਨਹੀਂ ਮਿਟਣਾ ਬਦੀ ਆਖੇ।''

- ''ਬਣਾ ਲਉ ਡੈਮ ਲੱਖ, ਕਰ ਲਉ ਯਤਨ ਰੋਕਣ ਦੇ ਲਖ ਵਾਰੀ,
  ਮੈਂ ਜਾਣੈ ਅੰਤ ਮਾਰੂਥਲ ਨੂੰ ਮਹਿਕਾਵਣ'' ਨਦੀ ਆਖੇ।

- ''ਮਰੇ ਜਿਸਮਾਂ 'ਚੋਂ ਭਾਲਣ ਪਿਆਰ ਮੋਈ ਆਤਮਾ ਵਾਲੇ,
  ਭਲੇ ਪੁਰਸ਼ੋ ਬਚਾ ਲੈਣਾ'', ਮੁਹੱਬਤ ਕੂਕਦੀ ਆਖੇ।

- ''ਨ ਅੰਤਿਮ ਵਾਰ ਅੱਗ ਦੇਂਦੋਂ, ਤਾਂ ਦਸ ਦੀ ਵਿਗੜਦਾ ਤੇਰਾ,
  ਜਲਾਇਐ ਉਮਰ ਸਾਰੀ ਤੂੰ'', ਚਿਤਾ ਕਿ ਸੁਲਗਦੀ ਆਖੇ।

- ਘਣੇ ਜੰਗਲ 'ਚ ਉਗਿਆ ਜੋ ਸੁਗੰਧਾਂ ਵੰਡਦੈ ਚੰਦਨ,
  ਕਦੀ ਜੰਗਲ ਬਣੇ ਖੁਦ, ਮਹਿਕ ਦਾ ਦਰਿਆ, ਕਦੀ ਆਖੇ।

- ਮਸੀ 'ਕਰਤਾਰ' ਘਰ ਉਗਿਆ ਹੈ ਬੂਟਾ ਰਾਤ ਰਾਣੀ ਦਾ,
  'ਜੋ ਨ੍ਹੇਰੇ ਵਿਚ ਵੀ ਵੰਡੇ ਮਹਿਕ,'' ਦੁਨੀਆਂ ਮਹਿਕਦੀ ਆਖੇ।

---

*ਇਹ ਗ਼ਜ਼ਲ ''ਚਾਨਣ ਚਾਨਣ ਮੈਂ'' ਵਿਚ ਸ਼ਿਅਰਾਂ ਦੇ ਖ਼ਲਤ ਮਲਤ ਹੋ ਜਾਣ ਕਰਕੇ ਏਥੇ ਮੁੜ ਛਾਪੀ ਹੈ।*



✵

- ਤੂੰ ਜਦੋਂ ਭੁਲਿਆ ਤਾਂ ਜਗ ਦੇ ਕੁਲ ਪਸਾਰੇ ਰੁਲ ਗਏ।
  ਮਨ 'ਚ ਜਦ ਤੂੰ ਵਸ ਗਿਆ, ਸਾਰੇ ਖ਼ਸਾਰੇ ਭੁਲ ਗਏ।

- ਅੱਖ ਨੇ ਦੇਖੀ ਉਹ ਦਿਬ ਰੌਣਕ ਅਗੰਮੀ ਨੂਰ ਦੀ,
  ਜਗਤ ਭੁਲਿਆ ਜਗਤ ਦੇ ਸਾਰੇ ਨਜ਼ਾਰੇ ਭੁਲ ਗਏ।

- ਕੁਝ ਕੁ ਮਿੱਤਰਾਂ ਨੇ ਜਦੋਂ ਦਿੱਤਾ ਸੀ ਧੋਖਾ ਮਨ ਨੂੰ ਫਿਰ,
  ਰੰਗ ਵਿਚ ਆਇਆਂ ਤਾਂ ਉਹ ਮਿੱਤਰ ਪਿਆਰੇ ਭੁਲ ਗਏ।

- ਮੇਰੀ ਰੂਹ ਦੀ ਭਟਕਣਾ ਜਾਂਦੀ ਰਹੀ ਕੁਲ ਉਮਰ ਲਈ,
  ਜਦ ਤੇਰੇ ਘਰ ਤੋਂ ਬਿਨਾਂ, ਸਾਰੇ ਦੁਆਰੇ ਭੁਲ ਗਏ।

- ਕਸ਼ਟ ਝੱਲੇ ਸੀ ਜੋ ਆਪਾਂ ਠੀਕ ਰਾਹੇ ਤੁਰਦਿਆਂ,
  ਪਾ ਲਈ ਮੰਜ਼ਿਲ ਤਾਂ ਉਹ ਸਾਰੇ ਦੇ ਸਾਰੇ ਭੁਲ ਗਏ।

- ਜਦ ਮਜ਼ਾ ਆਇਆ ਉਨ੍ਹਾਂ ਨੂੰ ਠਿੱਲ੍ਹ ਕੇ ਮੰਝਧਾਰ ਵਿਚ,
  ਬੇੜੀਆਂ ਨੂੰ ਤੇ ਮਲਾਹਾਂ ਨੂੰ ਕਿਨਾਰੇ ਭੁਲ ਗਏ।

- ਮਰਨ ਪਿਛੋਂ ਪ੍ਰਾਪਤੀ ਹੋਈ ਜਦੋਂ ਆਦਰਸ਼ ਦੀ,
  ਸੀਸ 'ਤੇ ਚੱਲੇ ਸੀ ਜੋ ਜ਼ਾਲਿਮ ਉਹ ਆਰੇ, ਭੁਲ ਗਏ।

- 'ਕਾਲੜੇ' ਨੂੰ ਤਾਂ ਹਮੇਸ਼ਾ ਪਾਸ ਸੀ ਈਮਾਨ ਦਾ,
  ਇਸ ਨੂੰ ਪਾਲਣ ਲਈ ਜੋ ਦਿਨ ਔਖੇ ਗੁਜ਼ਾਰੇ, ਭੁਲ ਗਏ।

ਤੂੰ ਗੱਲ ਆਖੇਂ ਜੋ ਗੱਲ ਹੋਵੇ, ਤੇਰਾ ਪ੍ਰਯਾਸ ਹੁੰਦਾ ਏ !
ਤੇਰੇ ਹਰ ਸ਼ਿਅਰ ਵਿਚ 'ਕਰਤਾਰ' ਨੁਕ਼ਤਾ ਖ਼ਾਸ ਹੁੰਦਾ ਏ !

ਕਿਸੇ ਦੀ ਵਿਲਕਣੀ, ਵੇਦਨ, ਕਿਸੇ ਦੀ ਪ੍ਰੀਤ ਦੀ ਹਸਰਤ,
ਤੇਰੇ ਸ਼ਿਅਰਾਂ 'ਚੋਂ ਕੁਝ ਏਹੋ ਜਿਹਾ ਆਭਾਸ ਹੁੰਦਾ ਏ।

ਉਹ ਭਾਸ਼ਨ ਝਾੜ ਕੇ ਲੋਕਾਂ ਦੇ ਸਿਰ ਇਹਸਾਨ ਕਰਦੇ ਨੇ,
ਮਗਰ ਮਰਜੀਵੜੇ ਦਾ ਸੀਸ ਹੀ ਅਰਦਾਸ ਹੁੰਦਾ ਏ !

ਕਿਸੇ ਦੀ ਆਸ ਹੈ ਦੌਲਤ, ਕਿਸੇ ਦੀ ਟੇਕ ਸ਼ੁਹਰਤ 'ਤੇ,
ਅਸਾਂ ਨੂੰ ਪਿਆਰ ਜੀਵਨ ਦੀ ਅਮੁਲੀ ਰਾਸ ਹੁੰਦਾ ਏ।

ਕੋਈ ਗ਼ੁਰਬਤ 'ਚ ਰੁਲਦਾ ਹੈ, ਕਿਸੇ ਨੂੰ ਐਸ਼ ਦਾ ਜੀਵਨ,
ਮੇਰੇ ਮੌਲਾ ਨੂੰ ਇਸ ਗੱਲ ਦਾ ਕਦੋਂ ਇਹਸਾਸ ਹੁੰਦਾ ਏ?

ਭਲੀ ਛਡ ਆਪਣੀ ਬੋਲੀ ਪਰਾਈ ਤਾਈਂ ਅਪਣਾਉਣਾ,
ਅਜੇਹੀ ਸੋਚ ਤੋਂ ਹੀ ਸਭਯਤਾ ਦਾ ਨਾਸ ਹੁੰਦਾ ਏ।

ਨਾ ਮਾਂ ਸੰਗ ਬੋਲਣਾ ਆਵੇ, ਨ ਬਾਪੂ ਦਾ ਅਦਬ ਕਰਨਾ,
ਪਰਾਈ ਸਭਯਤਾ ਦਾ 'ਕਾਲੜਾ' ਜੋ ਦਾਸ ਹੁੰਦਾ ਏ।



ਬੜਾ ਜ਼ਰੂਰੀ ਹੈ, ਉੱਚ ਜੀਵਨ ਲਈ ਅੱਖ ਵਿਚ ਸੱਚ ਦਾ ਨੂਰ ਹੋਣਾ,
ਤੇ ਜ਼ਿੰਦਗੀ ਦੀ ਹਰਿਕ ਡਗਰ ਦਾ ਗਿਆਨ ਹੋਣਾ, ਸ਼ਊਰ ਹੋਣਾ !

ਭਰੂਣ ਹੱਤਿਆ ਦਾ ਠੋਸ ਕਾਰਨ ਜੇ ਜਾਣ ਲਈਏ ਤਾਂ ਸੋਚ ਸਕੀਏ,
ਕਿ ਦਾਜ ਵੇਲੇ ਜੋ ਜਾਗ ਪੈਂਦਾ ਹੈ "ਪੁੱਤ ਦੇ ਪਿਉ ਦਾ ਫ਼ਤੂਰ" ਹੋਣਾ !

ਹੈ ਲੋਕ ਜੀਵਨ 'ਚ ਜਿਸ ਕਿਸੇ ਨੇ ਵੀ ਜ਼ਿੰਦਗਾਨੀ ਦੀ ਸਾਰ ਲੈਣੀ,
ਬੜਾ ਹੀ ਮਾਰੂ ਹੈ ਉਸ ਬਸ਼ਰ ਲਈ ਅਹੰ 'ਚ ਲਿਪਤੇ, ਗ਼ਰੂਰ ਹੋਣਾ।

ਵਿਵਸਥਾ ਸਾਰੀ ਵਿਗੜ ਗਈ ਹੈ, ਕਰੂਰ ਹੋਇਆ ਹੈ ਕੁਲ ਜ਼ਮਾਨਾ,
ਕੋਈ ਕਿਵੇਂ ਕਿਸ ਨੂੰ ਦੱਸੇ ਉਸ ਦਾ ਕਸੂਰ ਜਾਂ ਬੇ ਕਸੂਰ ਹੋਣਾ?

ਵਪਾਰੀ, ਮੁੰਡੇ ਵੀ ਵੇਚਦੇ ਨੇ, ਉਨ੍ਹਾਂ ਨੂੰ ਕੋਈ ਫ਼ਰਕ਼ ਨਹੀਂ ਹੈ,
ਪਿਆਰ ਦੇ ਰਾਹ ਦੇ ਨੇੜ ਹੋਣਾ ਜਾਂ ਮੋਹ ਦੇ ਰਿਸ਼ਤੇ ਤੋਂ ਦੂਰ ਹੋਣਾ।

ਪੁਆਏ ਤਲੀਆਂ 'ਚ ਹੱਸਕੇ ਛਾਲੇ ਤੇ ਰਸਤਿਆਂ ਦੇ ਵੀ ਨਾਜ਼ ਝੱਲੇ,
ਹੈ ਸਾਡੇ ਭਾਗੀਂ ਤਾਂ ਜ਼ਿੰਦਗੀ ਦੇ ਸਫ਼ਰ ਦੇ ਹੱਥੋਂ ਹੀ ਚੂਰ ਹੋਣਾ।

ਹੈ 'ਕਾਲੜਾ' ਬੇ-ਰੁਖੀ ਦਾ ਆਲਮ, ਹਨੇਰ ਚਾਇਆ ਹੈ ਲਾਲਚਾਂ ਨੇ,
ਬੜਾ ਹੀ ਮਾਰੂ ਹੈ, ਆਦਮੀਅਤ ਦੀ ਭਾਵਨਾ ਦਾ ਮਨੂਰ ਹੋਣਾ।

✡

ਬੜਾ ਹੈ ਲਾਜ਼ਮੀ ਅੱਖਾਂ 'ਚ ਵੀ ਅਕ਼ਲਾਂ ਦਾ ਨੂਰ ਹੋਣਾ।
ਨਹੀਂ ਤਾਂ ਸੋਚ ਦਾ ਲਾਜ਼ਮ ਹੈ ਆਤਮ-ਰਸ ਤੋਂ ਦੂਰ ਹੋਣਾ।

ਨ ਜਿਸ ਨੇ ਜ਼ਿੰਦਗੀ ਦੇਖੀ, ਨ ਕੋਈ ਦਰਦ ਸਹਿਲਾਇਆ,
ਸਮਝ ਲੌ ਕੁਦਰਤੀ ਉਸ ਦਿਲ ਦੀ ਧੜਕਣ ਦਾ ਕਰੂਰ ਹੋਣਾ।

ਜਿਹਦੇ ਤਨ 'ਤੇ ਨਹੀਂ ਕੱਪੜੇ, ਹਰਿਕ ਦੇ ਗਲ 'ਚ ਬਾਹਾਂ ਨੇ,
ਹੈ ਉਸ ਦੀ ਮਾਂਗ ਵਿਚ ਕਿਸ ਨੇਕ ਬਖ਼ਤੇ ਦਾ ਸੰਧੂਰ ਹੋਣਾ?

ਅਸਾਂ ਨੇ ਮੌਤ ਯਾਰੋ ਭਾਵਨਾਵਾਂ ਦੀ ਹੰਢਾਈ ਹੈ,
ਅਸਾਂ ਨੂੰ ਯੋਗ ਹੈ ਇਹਸਾਸ ਅਪਣੇ 'ਤੇ ਗ਼ਰੂਰ ਹੋਣਾ।

ਅਸਾਂ ਹੀ ਇਸ਼ਕ ਲਈ ਜਿਉਣੈ, ਅਸਾਂ ਹੀ ਇਸ਼ਕ ਲਈ ਮਰਨੈ,
ਅਸਾਂ ਤੋਂ ਵੱਧ ਕੇ ਕਿਸ ਆਸ਼ਕ ਨੂੰ ਇਸ਼ਕੇ ਦਾ ਸਰੂਰ ਹੋਣਾ।

ਜਿਹਨੂੰ ਵੀ ਰੱਬ ਧੀ ਦੀ ਦਾਤ ਤੋਂ ਰਖਦਾ ਵਿਹੂਣਾ ਹੈ,
ਮਿਲੇ ਪੱਥਰ ਦਾ ਦਿਲ ਉਸ ਨੂੰ ਅਤੇ ਹਿਰਦਾ ਮਨੂਰ ਹੋਣਾ।

ਹੈ ਉਸ 'ਤੇ ਚਾਂਦਮਾਰੀ ਅੱਖੀਆਂ ਦੇ ਤੇਜ਼ ਤੀਰਾਂ ਦੀ,
ਜਿਹਦੇ ਹਿੱਸੇ 'ਚ ਹੈ ਕਰਤਾਰ ਜੀ ਤੇਰੇ ਹਜ਼ੂਰ ਹੋਣਾ।



✡

ਕੁਝ ਘਾਲਣਾ ਤੋਂ ਬਾਦ ਕੁਝ-ਕੁਝ ਬੰਦਗੀ ਤੋਂ ਬਾਦ।
ਮਿਲਦੀ ਹੈ ਸਫ਼ਲਤਾ ਸਦਾ, ਦੀਵਾਨਗੀ ਤੋਂ ਬਾਦ !

ਕੁਝ ਬੇ-ਰੁਖੀ ਹੈ ਲਾਜ਼ਮੀ, ਪਿਆਰਾਂ ਦੇ ਗੇੜ ਵਿਚ,
ਜੁੜਦੀ ਹੈ ਤੰਦ ਮੋਹ ਦੀ ਕੁਝ ਬੇ-ਰੁਖੀ ਤੋਂ ਬਾਦ।

ਆਇਆ ਗਿਆ, ਫਿਰ ਆ ਗਿਆ ਭਾਂਡੇ ਰਹਿ ਠਹਿਕਦੇ,
ਪੈਂਦੀ ਗੁਣਾਂ ਦੀ ਕ਼ਦਰ ਹੈ, ਇਸ ਜ਼ਿੰਦਗੀ ਤੋਂ ਬਾਦ !

ਬਣਕੇ ਰਹੀ ਹੈ ਚੁਲਬਲੀ, ਕੁਝ ਚੀਕ ਬੁਲਬੁਲੀ,
ਮੁਲ ਸਾਦਗੀ ਦਾ ਵਧ ਪਵੇ, ਆਵਾਰਗੀ ਤੋਂ ਬਾਦ।

ਦ੍ਰਿੜ ਹੋ ਜਾ ਮਨ ਸੰਭਾਲਕੇ, ਨਾ ਰੋ ਨਾ ਵਿਲਕ ਤੂੰ,
ਜੀਵਨ ਦਾ ਤੱਤ ਹੈ ਜਾਣੀਦਾ, ਬੇ-ਚਾਰਗੀ ਤੋਂ ਬਾਦ।

ਦਿਲ ਦੀ ਲਗੀ ਦਾ 'ਕਾਲੜਾ' ਕਰਦਾ ਸ਼ੁਗਲ ਰਿਹੋਂ,
ਹੁਣ ਤੜਪ ਤੜਪ ਉਠਦੈਂ, ਦਿਲ ਦੀ ਲਗੀ ਤੋਂ ਬਾਦ !

## ਮੈਨੀਫ਼ੈਸਟੋ !!

- ਅਸੀਂ ਗੰਢੀਆਂ ਘੜਾਂਵਾਂਗੇ,
  ਔਂਦੇ ਪੰਜ ਸਾਲੀਂ, ਖੱਲ ਲੋਕਾਂ ਦੀ ਲਾਹਵਾਂਗੇ।

- ਆਵਾਂਗੇ ਜਾਵਾਂਗੇ,
  ਹਾਂ ਸੁਲਝੇ ਚੋਰ ਅਸੀਂ, ਵਾਰੀ ਸਿਰ ਖਾਵਾਂਗੇ !

- ਖੂਹੇ ਵਿਚ ਪਾਣੀ ਹੈ,
  ਜਨਤਾ ਪਈ ਰਿੜਕੇ, ਪਾਣੀ 'ਚ ਮਧਾਣੀ ਹੈ !

- ਪੰਜਾਬ ਇਕ ਥਾਲੀ ਹੈ,
  ਡਬੂਆਂ ਨੇ ਚੱਟ ਚੱਟ ਕੇ, ਕਰ ਦਿੱਤੀ ਖ਼ਾਲੀ ਹੈ !

- ਗੱਦੀ ਤਾਂ ਵਿਰਾਸਤ ਹੈ,
  ਇਸ ਅੱਜ ਦੇ ਯੁਗ ਅੰਦਰ, ਬਸ ਏਹੋ ਸਿਆਸਤ ਹੈ !

- ਬੜੇ ਵਾਅਦੇ ਜਤਾਵਾਂਗੇ,
  ਸਿੱਖਿਆ ਤੋਂ ਰੱਖ ਕੋਰੇ, ਲੋਕ ਉਲੂ ਬਣਾਵਾਂਗੇ।

- ਅਸੀਂ ਅਸਲੀ ਡਾਕੂ ਹਾਂ,
  ਤੁਸੀਂ ਨਾ ਸਾਥੋਂ ਬਚ ਸਕਦੇ, ਚੰਗੇਜ਼ ਹਲਾਕੂ ਹਾਂ।

- ਹੁਣ ਕਿਸ ਦਾ ਸਹਾਰਾ ਏ,
  ਘਪਲੇ ਕੁਝ ਘਟ ਚੱਲੇ, ਰਿਸ਼ਵਤ 'ਤੇ ਗੁਜ਼ਾਰਾਂ ਏ !

- ਸਾਨੂੰ ਵੱਜਿਆ ਦੁਗਾੜਾ ਏ,
  ਤਹਿਲਕੇ ਨੂੰ ਅੱਗ ਲੱਗ ਜਾਇ, ਸਭ ਉਸਦਾ ਪੁਆੜਾ ਏ।

✫



## ਸੁੱਤਾ ਪਿਆ ਸਾਡਾ ਸੰਵਿਧਾਨ !

ਦਾਲ ਅਸਮਾਨੇ ਚੜ੍ਹੀ ਅੱਗ ਲੱਗੀ ਗੰਢਿਆਂ ਨੂੰ
ਆਟਾ ਆਖੇ ਹੱਥ ਨਾ ਲਗਾਈਂ।
ਬੜੀ ਹੈ ਤਰੱਕੀ ਭਰੇ ਦੇਸ਼ ਦੇ ਖ਼ਜ਼ਾਨੇ-ਪਰ
ਮਰ ਗਏ ਗ਼ਰੀਬਾਂ ਦੇ ਨੇ ਸਾਈਂ।
ਮਿਲੀ ਹੋਈ ਖੁੱਲ੍ਹ ਪੂਰੀ, ਹੈ ਮੁਨਾਫਾ ਖੋਰਾਂ ਤਾਈ,
ਲੁੱਚਾ ਲੰਡਾ ਥਾਂ ਥਾਂ ਪ੍ਰਧਾਨ।
ਸੁੱਤਾ ਪਿਆ ਸਾਡਾ ਸੰਵਿਧਾਨ ਪਰ ਗੂੜ੍ਹੀ ਨੀਦੇ,
ਸੁੱਤਾ ਪਿਆ ਸਾਡਾ ਸੰਵਿਧਾਨ !!
ਵਿਸ਼ਵੀਕਰਨ ਦੀ ਹੈ ਮਸਤੀ ਨੇਤਾਵਾਂ ਤਾਈਂ
ਲੋਕਾਂ ਦਾ ਖ਼ਿਆਲ ਨਹੀਂਉਂ ਭੋਰੀ।
ਵੱਡੇ ਜੋ ਅਦਾਰੇ ਛਾਏ ਹੋਏ ਸਰਕਾਰਾਂ ਉਤੇ
ਔਖਾ ਕਿਰਤੀ ਦਾ ਫੁਲਕਾ 'ਤੇ ਤੋਰੀ।
ਧਨੀ ਦੀ ਤਿਜੌਰੀ ਹੋਵੇ ਦਿਨੋਂ ਦਿਨ ਭਾਰੀ,
ਭੁੱਖਾ ਮਰੇ ਨੇਕ ਨੀਤਾ ਇਨਸਾਨ।
ਸੁੱਤਾ ਪਿਆ ਸਾਡਾ ਸੰਵਿਧਾਨ ਹਾਲੇ ਗੂੜ੍ਹੀ ਨੀਂਦੇ
ਸੁੱਤਾ ਪਿਆ ਸਾਡਾ ਸੰਵਿਧਾਨ !!
ਸੈਕੂਲਰ ਦੇਸ਼ ਪਰ ਧਰਮਾਂ ਦੇ ਨਾਮ ਉਤੇ,
ਨਿੱਤ ਨਿੱਤ ਹੋ ਰਹੇ ਨੇ ਦੰਗੇ।
ਮਿਲਦੀ ਹੈ ਛੈਹ ਏਥੇ ਸਦਾ ਦੰਗਾਕਾਰੀਆਂ ਨੂੰ,
ਫਿਰਦੇ ਨੇ ਹੋ ਕੇ ਚਿੱਟੇ ਨੰਗੇ।
ਸੱਠ ਸਾਲ ਹੋ ਗਏ ਏਥੇ ਏਹੋ ਕੁਝ ਹੁੰਦੇ
ਦੋਸ਼ੀ ਰੱਜ ਕੇ ਵਜ਼ੀਰੀਆਂ ਹੰਢਾਣ। ਸੁੱਤਾ ਪਿਆ ਸਾਡਾ................।
ਰਿਸ਼ਵਤਾਂ ਦੇ ਨਾਲ ਖੜੇ ਹੁੰਦੇ ਨੇ ਮਹੱਲ
ਜਿਹੜੇ ਇਜ਼ਤਾਂ ਸਮਾਜ 'ਚ ਵਧਾਂਦੇ।
ਵੱਡੀ ਸੁਪਰੀਮ ਕੋਰਟ ਚੀਜ਼ ਹੈ ਨਿਗੂਣੀ,
ਨੇਤਾ ਝਟ ਸੰਵਿਧਾਨ ਬਦਲਾਂਦੇ।
ਬੰਦੇ ਨੂੰ ਤਾਂ ਬੰਦਾ ਨਹੀਂ ਜਾਣਦੇ ਉੱਚਕੇ
ਧੌਂਸ ਆਪਣੀ ਹੀ ਸਦਾ ਇਹ ਜਮਾਨ। ਸੁੱਤਾ ਪਿਆ ਸਾਡਾ................।
ਥੋਕ ਅਨਪੜ੍ਹ, ਬਹੁਤੇ ਕ਼ਾਤਿਲ ਵੀ ਨੇਮ ਬੱਧ
ਚੋਣਾਂ ਧਨ ਦੇ ਸਹਾਰੇ ਜਿੱਤ ਜਾਂਦੇ।

ਆਪੇ ਮਰਵੌਂਣ, ਆਪੇ ਤਸਕਰੀ ਕਰਾਉਣ,
ਪਰ ਪਰਦੇ ਕਾਨੂੰਨ ਦੇ ਨੇ ਪਾਂਦੇ।
ਚੋਣਾਂ ਵੇਲੇ ਲੋਕਾਂ ਨੂੰ ਹੈ ਭੁੱਲ ਜਾਂਦਾ ਸਾਰਾ ,
ਨੋਟਾਂ, ਨਸ਼ਿਆਂ ਨੂੰ ਵੋਟ ਭੁਗਤਾਨ। ਸੁੱਤਾ ਪਿਆ ਸਾਡਾ .................।
ਮਰ ਜਾਣ ਲੋਕੀ ਰਹਿਣ ਹੋਂਦ 'ਚ ਕੁਬੇਰ,
ਖੋਹ ਕੇ ਦੇ ਰਹੇ ਕਿਸਾਨਾਂ ਤੋਂ ਜ਼ਮੀਨਾਂ।
ਲੋਕ ਜਦੋਂ ਕੱਠੇ ਹੋ ਕੇ ਕਰਦੇ ਨੇ ਚਾਰਾ ਜੋਈ,
ਛਾਤੀਆਂ 'ਚ ਖੋਭਦੇ ਸੰਗੀਨਾਂ।
ਕਰਜ਼ੇ ਦੇ ਬੋਝ ਹੇਠ ਦੱਬਿਆ ਕੀ ਕਰੇ,
ਕਰੇ ਖ਼ੁਦਕੁਸ਼ੀ ਤਾਂ ਹੀ ਕਿਰਸਾਨ। ਸੁੱਤਾ ਪਿਆ ਸਾਡਾ................।
ਸਾਡਾ ਤਾਂ ਕਾਨੂੰਨ ਯਾਰੋ ਮੋਮ ਦੀ ਹੈ ਨੱਕ,
ਚਾਹੁੰਦੇ ਜਿੱਧਰ ਵਕੀਲ ਮੋੜ ਲੈਂਦੇ।
ਕਾਤਲਾਂ ਨੂੰ ਸਦਾ ਜੋ ਬਚਾਉਣ ਲਾ ਕੇ ਦਾਓ ਪੇਚ,
ਰੱਸੇ ਫਾਂਸੀ ਦੇ ਮਸੂਮਾਂ ਗਲ ਪੈਂਦੇ।
ਭੰਨ ਤੋੜ ਕਰਦੇ ਗਵਾਹਾਂ ਦੀ ਇਹ ਨਿੱਤ,
ਇਹ ਤਾਂ ਜੱਜਾਂ ਨੂੰ ਵੀ ਚੱਕਰਾਂ 'ਚ ਪਾਣ। ਸੁੱਤਾ ਪਿਆ ਸਾਡਾ .............।
ਹੁੰਦੇ ਨੇ ਨਿਠਾਰੀ ਜਹੇ ਕਾਂਡ ਪਤਾ ਚੱਲਦਾ ਨਾ,
ਪਾਪੀ ਰੋਲਦੇ ਮਸੂਮਾਂ ਦੀਆਂ ਹੱਡੀਆਂ।
ਹੁੰਦੇ ਨੇ ਬਲਾਤਕਾਰ ਰਾਜਧਾਨੀ ਵਿਚ ਨਿੱਤ,
ਪਰ ਲੋਕਾਂ ਦੀਆਂ ਅੱਖਾਂ ਰਹਿਣ ਟੱਡੀਆਂ।
ਪਤਾ ਸਾਡੀ ਲੱਗੇ ਲਾ ਵਿਵਸਥਾ ਨੂੰ ਸਾਲਾਂ ਬੱਧੀ
ਰਿਸ਼ਵਤਾਂ ਦਾ ਐਸਾ ਬੰਧਾਨ। ਸੁੱਤਾ ਪਿਆ ਸਾਡਾ.....................।
ਕਾਸ਼ ਮਿਲੇ ਸਿੱਖਿਆ ਜੇ ਲੋਕਾਂ ਨੂੰ ਸਵੱਲੀ,
ਪਤਾ ਚੱਲ ਜਾਵੇ ਮਾੜੀ ਚੰਗੀ ਗੱਲ ਦਾ।
ਅਰਥ ਵਿਵਸਥਾ ਦਾ ਕਰਨੋਂ ਬਲਾਤਕਾਰ,
ਪਹੁੰਚ ਵਾਲਾ ਕਿਵੇਂ ਨਹੀਂ ਟਲਦਾ !
ਰਹੇ ਕੋਈ ਮੰਗਤਾ ਨਾ, ਕੰਮ ਮਿਲੇ ਸਾਰਿਆਂ ਨੂੰ,
ਘੜ ਲਈਏ ਨਵਾਂ ਸੰਵਿਧਾਨ।
ਘੜ ਲਈਏ ਲਵਾਂ ਸੰਵਿਧਾਨ ਆਪਾਂ ਲੋਕ ਪੱਖੀ
ਘੜ ਲਈਏ ਨਵਾਂ ਸੰਵਿਧਾਨ।



## ਅਸੀਂ ਸਾਰੇ ਹੀ ਨੰਗੇ ਹਾਂ !

ਅਸੀਂ ਸਾਰੇ ਹੀ ਨੰਗੇ ਹਾਂ
ਤੁਸੀਂ ਕੁਝ ਸ਼ਰਮ ਨਾ ਕਰਿਉ !
ਜੇ ਸਾਡੇ ਨਾਲ ਰਲਣਾ ਹੈ
ਤਾਂ ਬਸਤਰ ਲਾਹ ਕੇ ਆ ਜਾਣਾ।
"ਜੇ ਕੀਤੀ ਸ਼ਰਮ ਤਾਂ ਫਿਰ ਕਰਮ ਫੁੱਟ ਜਾਸਨ" ਇਹ ਸੱਚ ਜਾਣੋਂ,
ਸੋ ਪਰਦਾ ਮਰਦ ਤੀਵੀਂ ਦਾ ਵੀ
ਚੁੱਲ੍ਹੇ ਡਾਹ ਕੇ ਆ ਜਾਣਾ;
ਤੁਸਾਂ ਜੇ ਆਤਮਾ ਵੀ ਢੱਕ ਕੇ ਰੱਖੀ ਬੁਰਾ ਹੋਸੀ !

ਰਹੇ ਜੇ ਕਾਮਰੇਡ ਹੋ ਕੇ
ਕਿਸੇ ਦਾ ਕੰਮ ਨਹੀਂ ਹੋਣਾ
ਕਿਸੇ ਦੁੱਖ ਸੁੱਖ ਵੰਡਾਉਣਾ ਨਹੀਂ,
ਕਿਸੇ ਕੋਈ ਭੇਦ ਦੇਣਾ ਨਹੀਂ,
ਬਸ ਐਵੇਂ ਦਨਦਣਾਉਗੇ !

ਕਿਸੇ ਨੇ ਫਿਰ ਤੁਹਾਨੂੰ ਭਾਰਤੀ ਸ਼ਹਿਰੀ ਨਹੀਂ ਮੰਨਣਾ,
ਤੇ ਪਾਸਾ ਵੱਟਕੇ ਲੰਘ ਜਾਸਨ,
ਕਿਸੇ ਹਿੰਦੀ ਨਹੀਂ ਮੰਨਣਾ,
ਕਿਸੇ ਨੇ ਓਟ ਨਹੀਂ ਦੇਣੀ,
ਕਿਸ ਨੇ ਵੋਟ ਨਹੀਂ ਦੇਣੀ !

ਅਸੀਂ ਸਾਰੇ ਹੀ ਨੰਗੇ ਹਾਂ,
ਤੁਸੀਂ ਕਿਉਂ ਸ਼ਰਮ ਕਰਦੇ ਹੋ?
ਉਤਾਰੋ ਕਪੜੇ ਤਨ ਦੇ
ਤੇ ਛੱਡੋ ਵਿਸਵਿਸੇ ਮਨ ਦੇ
ਤੇ ਹੋ ਜਾਉ ਅਲਫ਼ ਨੰਗੇ
ਤੁਸੀਂ ਕਿਉਂ ਸ਼ਰਮ ਕਰਦੇ ਹੋ?

ਕਰੋ ਸਿੱਧ ਕਿ ਤੁਸੀਂ ਵੀ
ਕਿਸੇ ਤੋਂ ਨੇਤਾ ਨਹੀ ਛੋਟੇ
ਹੋ ਉਤਨੇ ਹੀ ਮਨੋ ਖੋਟੇ,
ਉਗਾੜੋ ਰਿਸ਼ਵਤਾਂ ਡਟ ਕੇ।
ਨਹੀਂ ਤਾਂ ਕਰਮ ਫੁੱਟ ਜਾਣੇ ਤੁਹਾਡੇ ,
ਸੱਚ ਇਹ ਜਾਣੋ !

ਬੈਂਕਾਂ ਵਿਚ ਬੇਨਾਮੀ ਖਾਤੇ
ਜੇ ਨਾ ਖੋਲ੍ਹੇ ਤਾਂ ਫਿਰ ਦੱਸਣਾ
ਕਿ ਘਪਲੇ 'ਚੋਂ ਮਿਲੀ ਮਾਯਾ
ਤੁਸੀਂ ਕਿਥੇ ਲੁਕਾਓਗੇ,
ਤੇ ਦੱਸੋਂ ਮੁੱਲ ਵੋਟਾਂ ਦਾ ਤੁਸੀਂ ਕਿਥੋਂ ਚੁਕਾਓਗੇ?

ਕਿਵੇ ਸਿਆਸਤ ਚਲਾਓਗੇ?
ਨਾ ਫਿਰ ਪ੍ਰਧਾਨਗੀ ਮਿਲਣੀ
ਨਾ ਮਿਲਣਾ ਮੰਤਰੀ ਪਦ ਹੈ।
ਤੇ ਕੇਵਲ ਕਾਮਰੇਡ ਹੋ
ਭਾਸ਼ਨੀ ਨੇਤਾ ਕਹਾਓਗੇ !!



## ਸ਼ੀਸ਼ਾ ਤੇ ਮਖੌਟਾ !

ਅਸੀਂ ਜ਼ਿੰਦਗੀ ਭਰ
ਮਖੌਟਾਧਾਰੀਆਂ ਦੇ ਮਖੌਟੇ ਉਤਾਰੇ ਹਨ।
ਬੜਾ ਸਤਾਇਆ ਹੈ ਉਨ੍ਹਾਂ ਨੂੰ
ਉਨ੍ਹਾਂ ਦੀ ਪਰਦਾਕਸ਼ਾਈ ਕਰਕੇ।
ਅਸਾਂ ਇਹ ਵੀ ਨਹੀਂ ਡਿੱਠਾ
ਕਿ ਇਹ ਮਖੋਟਾਧਾਰੀ ਬੜੇ ਸ਼ਕਤੀਵਰ ਹਨ।
ਸਿਆਸਤ ਇਨ੍ਹਾਂ ਦੇ ਹੱਥ ਹੈ।
ਇਹ ਰਿਸ਼ਵਤਾਂ ਦਾ ਬੋਲ ਬਾਲਾ ਕਰਕੇ
ਸਾਡੇ ਜੀਵਨ ਨੂੰ ਦੁਭਰ ਕਰ ਸਕਦੇ ਹਨ।

ਅਸੀਂ ਧਰਮੀ ਹਾਂ।
ਪਰ ਇਹ ਤਾਂ ਧਰਮ ਦਾ ਮਖੌਟਾ ਪਾ ਕੇ ਵੀ
ਸੱਚੇ ਸੁੱਚੇ ਧਰਮੀਆਂ ਦਾ ਜੀਵਨ ਹਰਾਮ ਕਰ ਸਕਦੇ ਨੇ।

ਅਸੀਂ ਨੇਕ ਹਾਂ
ਪਰ ਇਹ ਤਾਂ ਨੇਕ ਬਖ਼ਤਾਂ ਨੂੰ ਵੀ
ਬਦ-ਬਖ਼ਤ ਸਿੱਧ ਕਰ ਸਕਦੇ ਹਨ।

ਲੋਕ ਇਨ੍ਹਾਂ ਦੇ ਸ਼ਕਤੀਸ਼ਾਲੀ ਸਿਆਸੀ ਮਖੌਟੇ ਨੂੰ,
ਧਾਰਮਿਕ ਨਿਕ਼ਾਬਪੋਸ਼ੀ ਨੂੰ,
ਸਮਾਜਕ ਤੇ ਆਰਥਿਕ ਚਲਿੱਤਰ ਨੂੰ,
ਸੱਚ ਮੰਨ ਕੇ
ਸਾਨੂੰ ਹੀ ਮਖੌਟਾਧਾਰੀ ਗਰਦਾਨ ਰਹੇ ਹਨ।
ਅਸੀਂ ਤਾਂ ਰੋਜ਼ ਆਪਣੇ ਆਚਾਰ ਦਾ ਸ਼ੀਸ਼ਾ ਦੇਖ ਕੇ ,
ਸ੍ਵੈ ਨਿਰੀਖਣ ਕਰ ਲੈਂਦੇ ਹਾਂ।
ਪਰ ਇਨ੍ਹਾਂ ਨੂੰ ਸ਼ੀਸ਼ੇ ਤੋਂ ਖਿੱਝ ਆਉਂਦੀ ਹੈ।
ਇਹ ਸ਼ੀਸ਼ੇ ਸਮੇਤ ਹੀ ਸ਼ੀਸ਼ਾ ਦਿਖਾਉਣ ਵਾਲੇ
ਮਹਾਨੁਭਾਵਾਂ ਨੂੰ ਧਰਤੀ ਤੋਂ ਅਲੋਪ ਕਰ ਦੇਂਦੇ ਹਨ।
ਸੱਚ ਆਚਾਰ ਕਿੱਥੇ ਰਹੂ?
ਕੀ ਬਣੂ ਇਸ ਧਰਤੀ ਦਾ ਮੇਰੇ ਯਾਰੋ !?
ਸੱਚ ਦੇ ਅਲਮਬਰਦਾਰੋ !!?

## ਹੱਕਦਾਰ

ਮੈਂ ਹਾਂ ਰਾਹੀ
ਮੰਜ਼ਿਲ ਆਖੇ: ਪਾ ਲੈ ਮੈਨੂੰ
ਮੈਂ ਨਾ ਪਾਈ
ਬੜਾ ਸ਼ੁਦਾਈ।

ਇਹ ਆਪੂੰ ਸਹਿਜੇ ਚਲ ਆਈ,
ਮੈਂ ਠੁਕਰਾਈ!
ਨਿਰਾ ਸ਼ੁਦਾਈ!

ਉਸਦੀ ਮੇਰੀ ਸੋਚ 'ਚ ਅੰਤਰ,
ਉਸਦੀ ਮੇਰੀ ਤੋਰ 'ਚ ਅੰਤਰ,
ਨਾ ਉਸ ਮੈਨੂੰ ਅਜ਼ਮਾਇਆ ਸੀ
ਨਾ ਹੀ ਉਹ ਮੈਂ ਸੀ ਅਜ਼ਮਾਈ,
ਗੱਲ ਅੰਤਰ ਦੀ ਮੂਲ ਨਾ ਭਾਈ
ਮੈਂ ਨਾ ਪਾਈ ਬੜਾ ਸ਼ੁਦਾਈ।

ਘਾਲੀ ਸਾਰੀ ਉਮਰ ਘਾਲਣਾ,
ਪੈਰਾਂ ਦੀਆਂ ਤਲੀਆਂ ਵਿਚ ਛਾਲੇ ,
ਕੰਡਿਆਂ 'ਤੇ ਚਲ ਜ਼ਖਮ ਵਿਹਾਜੇ ,
ਕੀਤੇ ਜਾ ਮੰਜ਼ਿਲ ਦੇ ਹਵਾਲੇ !

ਮੰਜ਼ਿਲ ਮੇਰੀ ਕ਼ਦਰ ਪਛਾਣੀ
ਮੈਂ ਮੰਜ਼ਿਲ ਦੀ ਨੀਯਤ ਜਾਣੀ।
ਮੈਂ ਆਖ਼ਰ ਮੰਜ਼ਿਲ ਨੂੰ ਪੁਛਿਆ,
ਕੀ ਸੱਚਮੁਚ ਮੈਂ ਤੇਰਾ ਹਾਣੀ?

ਮੰਜ਼ਿਲ ਬੁਲ੍ਹੀਆਂ ਵਿਚ ਮੁਸਕਾਈ,
ਫਿਰ ਮੈਂ ਹੱਸ ਕੇ ਗਲੇ ਲਗਾਈ।

ਕੰਡਿਆਂ ਦਾ ਸਿਰ ਤਾਜ ਰਖਾ ਕੇ,
ਹੁਣ ਹੋਇਆ ਹੱਕ਼ਦਾਰ ਏਸ ਦਾ।

ਇਹ ਉਮਰਾਂ ਦੀ ਘਾਲ ਕਮਾਈ
ਮੈਂ ਹਸਕੇ ਮੰਜ਼ਿਲ ਗਲ ਲਾਈ
ਮੰਜ਼ਿਲ ਪਾਈ! ਮੰਜ਼ਿਲ ਪਾਈ!
ਮੈਂ ਸਾਂ ਰਾਹੀ
ਸੁੱਚਾ ਰਾਹੀ!!



## ਮੈਂ ਹੀ ਕਮਲਾ !

ਦੁਨੀਆਂ ਨੂੰ
ਕੁੱਲ ਦੁਨੀਆ ਦਿਸਦੀ ਬੜੀ ਸਿਆਣੀ
ਮੈਂ ਹੀ ਕਮਲਾ!

ਮੈਂ ਨਾ ਅੱਜ ਤਕ
ਪਾਣੀ ਦੇ ਵਿਚ ਪਾਈ ਮਧਾਣੀ
ਮੈਂ ਹੀ ਕਮਲਾ!

ਪਾਣੀ ਵਿਚ ਮਧਾਣੀ ਪਾ ਕੇ,
ਲੋਕ ਸਿਆਣੇ ਮੱਖਣ ਕੱਢਣ,
ਪਰ ਉਹ ਮੱਖਣ ਕੰਮ ਨਾ ਆਇਆ
ਲੋਕ-ਵਿਖਾਵੇ ਖ਼ਾਤਰ,
ਝੱਗ ਦਾ ਕਰਨ ਵਿਖਾਵਾ!

ਮਾਇਆਵੀ ਮੱਖਣ 'ਚੋਂ
ਢੇਰ ਕਮਾਵਣ ਮਾਇਆ
ਹਰ ਕੋਈ ਧੋਖੇ ਵਿਚ ਆਇਆ!

ਇਸ ਮਾਇਆ 'ਚੋਂ ਮਹਿਲ ਉਸਾਰੇ,
ਮਾਇਆਵੀ ਔਲਾਦ ਹੋ ਗਈ ।
ਮਾਯਾਵੀ ਕੰਮਾਂ ਵਿਚ ਰੁਝ ਕੇ
ਧੋਖਾ ਸਿੱਖਿਆ
ਸਭ ਕੁਝ ਮਿੱਥਿਆ
ਸਭ ਕੁਝ ਛਾਇਆ !

ਜੋ ਧੋਖੇ ਦੀ ਕਰੀ ਕਮਾਈ
ਰਾਸ ਨਾ ਆਈ ,
ਆਪਣੀ ਔਂਦੀ ਨਸਲ ਗਵਾਈ!
ਪੱਤ ਗਵਾਈ,
ਕਿਹੜੇ ਖਾਤੇ ਗਈ ਕਮਾਈ!

ਮੈਂ ਨਾ ਅਜ ਤੱਕ ਪਾਣੀ ਦੇ ਵਿਚ ਪਾਈ ਮਧਾਣੀ, ਮੈਂ ਹੀ ਕਮਲਾ!

## ਜ਼ਿੰਦਗੀ ਯਾਦ ਕਰੇ ਮੇਰੀ ਮੌਤ ਨੂੰ ਵੀ !

ਮੈਂ ਜ਼ਿੰਦਗੀ ਖ਼ੂਬ ਮਾਣੀ ਹੈ,
ਜ਼ਿੰਦਗੀ ਨਾਲ ਮੋਹ ਹੈ ਮੈਨੂੰ,
ਹਰ ਵੇਲੇ ਹਾਰਟ ਅਟੈਕ ਦੀਆਂ ਗੱਲਾਂ ਕਰਕੇ
ਆਪਣਾ ਚਿਹਰਾ ਪੀਲਾ ਜ਼ਰਦ ਬਣਾਈ ਰੱਖਣ ਵਾਲਿਆਂ ਕੋਲ
ਮੈਂ ਨਹੀਂ ਬਹਿੰਦਾ !

ਪਰ ਮੈਂ ਮੌਤ ਨੂੰ ਭੁਲਦਾ ਵੀ ਨਹੀਂ,
ਹਰ ਵੇਲੇ ਯਾਦ ਰੱਖਦਾ ਹਾਂ,
ਹਰ ਵੇਲ ਤਿਆਰ ਹਾਂ,
ਮੌਤ ਰਾਣੀ ਦਾ ਘੁੰਡ ਚੁੱਕਣ ਲਈ।

ਮੈਂ ਜ਼ਿੰਦਗੀ ਭਰਪੂਰ ਮਾਣੀ ਹੈ।
ਮੈਂ ਹਰ ਵੇਲੇ ਸਿਮਰਦਾ ਹਾਂ ਉਸ ਬਾਬੇ ਨੂੰ
ਜਿਸ ਆਖਿਆ ਸੀ:
‘‘ਜਉ ਤਉ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਗਲੀ ਮੇਰੀ ਆਉ।’’
ਮੈਂ ਰੋਜ਼ ਬੈਠਦਾ ਹਾਂ
ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ,
ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਦੀ ਸੰਗਤ ਵਿਚ ,
ਜਿਨ੍ਹਾ ਸੂਰਮਿਆਂ ਦੇ ਸਿਦਕ ਦੀ ਪਰਖ ਸ਼ਹਾਦਤਾਂ ਨਾਲ ਹੋਈ।
ਮੈਨੂੰ ਰੋਜ਼ ਮਿਲਦੇ ਹਨ :
ਚਰਖੜੀ ’ਤੇ ਲੁੱਡੀ ਪਾਉਂਦੇ
ਵਿਦਵਤਾ ਦੇ ਪੁੰਜ ਪਿਉ ਪੁੱਤ ਸੂਰਮੇ,
ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ।
ਰੋਜ਼ ਚਿਤਵਦਾ ਹਾਂ ਭਾਈ ਤਾਰੂ ਸਿੰਘ ਨੂੰ,
ਕੇਸਾਂ ਸਵਾਸਾਂ ਨਾਲ ਸਿੱਖੀ ਨਿਭਾਉਣ ਵਾਲੇ
ਗੁਰੂ ਦੇ ਲਾਡਲੇ ਸ਼ੇਰ ਬੱਗੇ ਨੂੰ।

ਮੈਨੂੰ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ ਤੇ
ਸੁਖਦੇਵ ਵੀ ਨਹੀਂ ਭੁੱਲਦੇ,
ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ, ਜਾਨਾਂ ਵੀ ਵਾਰੀਆਂ
ਅਤੇ ਆਜ਼ਾਦੀ ਦੀ ਸਹੀ ਪਰਿਭਾਸ਼ਾ ਵੀ ਦੱਸੀ
ਉਸ ਆਜ਼ਾਦੀ ਨੂੰ ਅੱਜ ਵੀ ਤੀਬਰਤਾ ਨਾਲ ਤਾਂਘਦੀ ਹੈ ਲੋਕਾਈ।



ਹਾਲੇ ਤੱਕ ਵੀ ਕੌਮ ਲਾਅਨਤਾ ਪਾਉਂਦੀ ਹੈ,
ਉਨ੍ਹਾ ਡੋਗਰਿਆਂ ਨੂੰ
ਜੋ ਦੇਸ਼ ਧਰੋਹ ਦਾ ਕਲੰਕੀ ਇਤਿਹਾਸ ਸਿਰਜ ਗਏ।
ਲਾਅਨਤਾਂ ਹਾਲੇ ਵੀ ਓਸ ਤੀਬਰਤਾ ਨਾਲ ਪੈਂਦੀਆਂ ਹਨ
ਗੰਗੂ ਬਾਹਮਣ ਨੂੰ
ਉਸ ਨਮਕ ਹਰਾਮ ਲਈ ਹਾਲੇ ਵੀ
ਸਾਡੇ ਮਨਾਂ ਵਿਚ ਨਫ਼ਰਤਾਂ ਦਾ ਦਰਿਆ ਉਮਡਦਾ ਹੈ।
ਫਿਰ ਮੈਂ ਕਿਉਂ ਡਰਾਂ ਮੌਤ ਰਾਣੀ ਤੋਂ
ਕਿਉਂ ਨਾ ਧਿਰਕਾਰਾਂ ਇਤਿਹਾਸ ਦੇ ਵਰਤਮਾਨ ਡੋਗਰਿਆਂ ਨੂੰ?
ਕਿਉਂ ਨਾ ਜਗਾਵਾਂ
ਸੁੱਤੀ ਪੰਜਾਬੀਅਤ ਨੂੰ,
ਭੁਲਦੀ ਜਾਂਦੀ ਦੇਸ਼ ਭਗਤੀ ਨੂੰ,
‘‘ਪੰਜਾਬ ਜਿਉਂਦਾ ਗੁਰੂ ਦੇ ਨਾਂ ਤੇ’’ ਵਾਲੇ ਉਚ ਸਭਿਆਚਾਰ ਨੂੰ?

ਮੇਰੇ ਮਿੱਤਰ ਪਿਆਰਿਓ,
ਮੈਂ ਤਾਂ ਤੱਤਪਰ ਹਾਂ
ਮੌਤ ਰਾਣੀ ਦਾ ਘੁੰਡ ਚੁੱਕਣ ਸਮੇਂ
ਮਕਤਲ ਵਿਚ ਲੁੱਡੀ ਪਾਉਣ ਨੂੰ,
ਤਾਂ ਜੋ
ਜ਼ਿੰਦਗੀ ਯਾਦ ਕਰੇ
ਮੇਰੀ ਮੌਤ ਨੂੰ ਵੀ !

- ਦਿਲ ਨੂੰ ਧਰਾਸ ਕੀ ਮਿਲੂ ਉਸ ਸ਼ਬਦ-ਜਾਲ ’ਚੋਂ
  ਲਿਖਦੇ ਨੇ ਗੀਤ ਹੁਣ ਕਵੀ ਟੁੱਟੇ ਦਿਲਾਂ ਦੇ ਨਾਲ !

- ਭਲਾ ਦੱਸੋ, ਗ਼ਜ਼ਲ ਦਾ ਸ਼ਿਅਰ ਕੀ ਹੋਇਆ ਜਿਹਨੂੰ ਸੁਣਕੇ,
  ਸਰੋਤੇ ਦੇ ਮੂਹੋਂ ਇਕਦਮ, ਨਾ ਆਹ ਨਿਕਲੇ ਯਾ ਵਾਹ ਨਿਕਲੇ !!

## ਰੀਵਿਊ

## ਕਰਤਾਰ ਸਿੰਘ ਕਾਲੜਾ ਦੀ ਸ੍ਵੈ-ਜੀਵਨੀ

## ''ਪੈਰਾਂ ਦੀ ਪਰਵਾਜ਼''

### ਰੀਵਿਊਕਾਰ :ਪ੍ਰੋ. ਸੁਖਵਿੰਦਰ ਕੌਰ ਚੀਮਾ

ਪੰਜਾਬ ਯੂਨੀਵਰਸਿਟੀ ਨਾਲ ਸੰਬੰਧਤ 35 ਕਾਲਜਾਂ ਦੇ ਪੰਜਾਬੀ ਦੇ ਪ੍ਰੋਫੈਸਰਾਂ ਦੇ ਰੀਫ੍ਰੈਸ਼ਰ ਕੋਰਸ (05.12.2007ਤੋਂ 25.12.2007) ਦਾ ਆਯੋਜਨ ਪੰਜਾਬੀ ਵਿਭਾਗ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਤੇ ਐਕਡੈਮਿਕ ਸਟਾਫ਼ ਕਾਲਜ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਤਾਲ ਮੇਲ ਅਤੇ ਸਹਿਯੋਗ ਸਹਿਤ ਕੀਤਾ ਜਿਸ ਵਿਚ ਇਹ ਰੀਵਿਊ ਵਿਚਾਰ-ਚਰਚਾ ਹਿੱਤ ਪੇਸ਼ ਕੀਤਾ ਗਿਆ।

'ਸਾਹਿਤ ਦੇ ਇਤਿਹਾਸਕਾਰ, ਸਾਹਿਤ ਸ਼ਾਸਤਰੀ ਅਤੇ ਸਾਹਿਤ ਦੇ ਰੂਪਾਂ ਦੇ ਵਿਸ਼ੇਸ਼ਗ ਹਰ ਲਿਖਤ ਨੂੰ ਸਾਹਿਤ ਨਹੀਂ ਮੰਨਦੇ ਅਤੇ ਨਾ ਹੀ ਹਰ ਮੌਖਿਕ ਕਥਨਾਵਲੀ ਨੂੰ ਲੋਕ ਸਾਹਿਤ ਵਜੋਂ ਮਾਨਤਾ ਦੇਂਦੇ ਹਨ। 'ਸਾਹਿਤ' ਜਾਂ 'ਲੋਕ ਸਾਹਿਤ' ਖੋਜੇ ਤੇ ਲੱਭੇ, ਪਛਾਣੇ ਤੋਂ ਵਿਚਾਰੇ, ਸੋਧੇ ਤੇ ਪਰਵਾਨ ਹੋਏ ਮੂਲ ਨਿਯਮਾਂ ਦੀ ਕਿਸੇ ਨਾ ਕਿਸੇ ਮਾਤਰਾ ਵਿਚ ਪਾਲਣਾ ਕਰਦਾ ਹੈ। ਪੰਜਾਬੀ ਬੋਲੀ ਅਤੇ ਸਾਹਿਤ ਨੂੰ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਨਿਰੰਤਰ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬੀ ਸਾਹਿਤ ਵਿਚ ਕਵਿਤਾ ਤੇ ਨਿੱਕੀ ਕਹਾਣੀ ਨੇ ਪ੍ਰਗਤੀ ਕੀਤੀ ਹੈ। ਜੀਵਨੀ ਦੇ ਟਾਕਰੇ ਵਿਚ ਸਵੈ-ਜੀਵਨੀ ਜ਼ਿਆਦਾ ਵਿਕਸਿਤ ਹੋਈ ਹੈ। ਪੁਰਾਤਨ ਜਨਮ ਸਾਖੀਆਂ ਤੋਂ ਲੈ ਕੇ ਡਾ. ਦੀਵਾਨ ਸਿੰਘ ਕਾਲੇਪਾਣੀ, ਭਾਈ ਜੋਧ ਸਿੰਘ,ਸ਼ਹੀਦ ਭਗਤ ਸਿੰਘ ਦੀਆਂ ਜੀਵਨੀਆਂ ਮਿਲਦੀਆਂ ਹਨ।

ਪੰਜਾਬੀ ਆਤਮ ਕਥਾਵਾਂ ਟਾਕਰੇ ਵਿਚ ਜ਼ਿਆਦਾ ਦਿਲਚਸਪ ਹਨ। ਆਮ ਵੇਖਣ ਨੂੰ ਮਿਲਦਾ ਹੈ ਕਿ ਪਾਠਕਾਂ ਦਾ ਖਾਸ ਵਰਗ ਸਾਹਿਤਕਾਰਾਂ ਤੇ ਵਿਦਵਾਨਾਂ ਦੀਆਂ ਸਵੈ-ਜੀਵਨੀਆਂ ਪੜ੍ਹਨੀਆਂ ਜ਼ਿਆਦਾ ਪਸੰਦ ਕਰਦਾ ਹੈ। 'ਕਰਤਾਰ ਸਿੰਘ ਕਾਲੜਾ' ਰਚਿਤ ਸਵੈ-ਜੀਵਨੀ ਵੀ ਇਸ ਸੂਚੀ ਵਿਚ ਆਉਂਦੀ ਹੈ। ਪੰਜਾਬੀ ਸਵੈ-ਜੀਵਨੀ ਸਾਹਿਤ ਦੇ ਵਿਕਾਸ ਵਿਚ ਪ੍ਰਿੰ. ਤੇਜਾ ਸਿੰਘ, ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਹਰੀ ਸਿੰਘ ਦਿਲਬਰ, ਕਰਤਾਰ ਸਿੰਘ ਦੁੱਗਲ, ਅਮ੍ਰਿਤਾ ਪ੍ਰੀਤਮ, ਸੋਹਣ ਸਿੰਘ ਸੀਤਲ, ਅਜੀਤ ਕੌਰ, ਰਾਮ ਸਰੂਪ ਅਣਖੀ, ਪ੍ਰਿੰ. ਪ੍ਰੀਤਮ ਸਿੰਘ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਬਚਿੰਤ ਕੌਰ, ਦਲੀਪ ਕੌਰ ਟਿਵਾਣਾ, ਪ੍ਰਗਟ ਸਿੰਘ



ਸਿੱਧੂ, ਸੁਰਜੀਤ ਸਿੰਘ ਭਾਟੀਆ, ਡਾ. ਪ੍ਰੇਮ ਪ੍ਰਕਾਸ਼ ਤੇ ਡਾ. ਐਸ.ਤਰਸੇਮ ਆਉਂਦੇ ਹਨ। ਇਸ ਸਵੈ-ਜੀਵਨੀ ਮਾਲਾ ਦਾ ਨਵੀਨਤਮ ਮਣਕਾ ਹੈ, 'ਪੈਰਾਂ ਦੀ ਪਰਵਾਜ਼'।

ਜੀਵਨੀਕਾਰ ਕਥਾ ਦੇ ਨਾਇਕ ਨੂੰ ਭਾਵਨਾ-ਸ਼ਰਧਾ ਨਾਲ ਚਿੱਤਰਦਾ ਹੈ। ਸ਼ਰਧਾਮਈ ਦ੍ਰਿਸ਼ਟੀਕੋਣ ਲਿਖਤ ਦੀ ਸਾਹਿਤਕ ਪੱਧਰ ਨੂੰ ਘਟਾ ਦਿੰਦਾ ਹੈ। ਪਰੰਤੂ ਸਵੈ-ਜੀਵਨੀਕਾਰ ਜਦੋਂ ਬਿਰਤਾਂਤ ਵਿਚ ਮਿੱਤਰ ਤੇ ਸ਼ਤਰੂ ਦਾ ਉਲੇਖ ਕਰਦਾ ਹੈ ਤਾਂ ਉਲਾਰ ਹੋਣ ਦਾ ਖ਼ਤਰਾ ਮੁੱਲ ਲੈਂਦਾ ਹੈ। ਕਰਤਾਰ ਸਿੰਘ ਕਾਲੜਾ ਦੀ ਆਤਮ-ਕਥਾ ਪੜ੍ਹਨ ਉਪਰੰਤ ਇਹ ਪ੍ਰਭਾਵ ਮਿਲਦਾ ਹੈ ਕਿ ਜ਼ਿੰਦਗੀ ਦੇ ਸਫ਼ਰ ਦੇ ਹਰ ਪੜਾਉ ਤੇ ਰੋਜੀ-ਰੋਟੀ ਦੀ ਤਲਾਸ਼ ਦੇ ਹਰ ਮਾਰਗ ਉੱਤੇ, ਉਦਮ ਜਾਂ ਮਜਬੂਰੀ ਵਸ ਮੋੜ ਕੱਟਣ ਦੀ ਦਸ਼ਾ ਵਿਚ ਉਹ ਦਿਸ਼ਾਹੀਣ ਨਹੀਂ ਹੁੰਦਾ, ਸਗੋਂ ਪੱਕੇ ਪੈਰੀਂ ਤੁਰਦਾ ਹੈ। ਦ੍ਰਿੜਤਾ ਨਾਲ ਜਤਨ ਜਾਰੀ ਰੱਖਦਾ ਹੈ। ਕਰਤਾ ਦੀ ਜੀਵਨ-ਕਥਾ ਹਮਦਰਦੀ ਤਾਂ ਨਿਰਸੰਦੇਹ ਜਗਾਉਂਦੀ ਹੈ, ਪਰੰਤੂ ਕਾਲੜਾ ਤਰਸ ਦਾ ਪਾਤਰ ਨਹੀਂ ਬਣਦਾ।

ਉਹ ਆਪਣੇ ਵਿਅਕਤਿਤਵ ਦੀ ਦਲੇਰੀ, ਈਮਾਨਦਾਰੀ, ਸਾਫ਼ਗੋਗਾਈ ਅਤੇ ਸਚਾਈ ਨਾਲ ਪੇਸ਼ਕਾਰੀ ਕਰਦਾ ਹੈ। ਸਾਂਦਲ ਬਾਰ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਪੇਂਡੂ ਹੇਠਲੀ ਮੱਧ-ਸ਼੍ਰੇਣੀ ਦੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਜੀਵਨ ਦੀ ਸਹੀ ਤਸਵੀਰਕਸ਼ੀ ਕੀਤੀ ਹੈ। ਦੇਸ਼ ਦੀ ਆਜ਼ਾਦੀ ਦੀ ਦੇਵੀ ਨੇ ਇਕ ਕਰੋੜ ਪੰਜਾਬੀਆਂ ਦੇ ਉਜਾੜੇ ਦੀ ਬਲੀ ਵੀ ਲਈ ਹੈ। ਇਸ ਦੇ ਘਿਨਾਉਣੇ ਅਤੇ ਅਣ-ਮਨੁੱਖੀ ਸਿੱਟੇ ਜਿਨ੍ਹਾਂ ਨੇ ਭੋਗੇ ਉਨ੍ਹਾਂ ਵਿਚ ਸਕੂਲ ਵਿਦਿਆਰਥੀ 'ਕਰਤਾਰ' ਵੀ ਹੈ।

ਕਰਤਾਰ ਸਿੰਘ ਕਾਲੜਾ ਦਾ ਆਪਣੇ ਪਿੰਡ ਤੋਂ ਉਜੜਨਾ, ਮੌਤ ਦੇ ਸਾਏ ਹੇਠ ਨਵੇਂ ਦੇਸ਼ ਦੀ ਹੱਦ 'ਤੇ ਪੁੱਜਣਾ, ਪਰਿਵਾਰਾਂ ਦਾ ਵਿਛੜਨਾ, ਹੈਜ਼ੇ, ਮਲੇਰੀਏ ਨਾਲ ਮਰਨਾ, ਫ਼ਾਜ਼ਿਲਕਾ ਤੋਂ ਮੋਗੇ ਤੇ ਫਿਰ ਲੁਧਿਆਣੇ ਪੁੱਜਣਾ, ਛੱਤ ਲੱਭਣਾ, ਰੋਟੀ ਦੇ ਵਸੀਲੇ ਢੂੰਡਣੇ, ਕਿਸੇ ਵੀ ਕਿੱਤੇ ਨੂੰ ਮਾੜਾ ਨਾ ਸਮਝਣਾ, ਘੰਟੇ ਘਰ ਦੇ ਚੌਂਕ ਵਿਚ ਰੇੜ੍ਹੀ ਤੇ ਰੱਖੀਆਂ ਵਸਤਾਂ ਨੂੰ ਦੋ-ਦੋ ਆਨੇ ਦਾ ਹੋਕਾ ਲਾ ਕੇ ਸਵੇਰ ਤੋਂ ਰਾਤ ਤੱਕ ਖਲੋਕੇ ਵੇਚਣਾ, ਖੱਡੀ ਹੌਜ਼ਰੀ, ਮਸ਼ੀਨ ਤੇ ਕਿਰਤੀ ਵਾਂਗ ਪਸੀਨਾ ਵਹਾਉਣਾ, ਹਵਲਵਾਈਗੀਰੀ, ਕਰਨਾ, ਸਰ੍ਹਫ਼ਾ ਕਰਕੇ ਪੜ੍ਹਨਾ, ਪ੍ਰਾਈਵੇਟ ਪਰੀਖਿਆਰਥੀ ਵਜੋਂ ਗਿਆਨੀ,

ਬੀ.ਏ.ਅਤੇ ਐਮ.ਏ. ਪਾਸ ਕਰਨਾ, ਕੱਚੀ ਨੌਕਰੀ ਲਈ ਨਿਰੰਤਰ ਭੱਜ-ਦੌੜ ਵਿਚ ਰਹਿਣਾ ਆਦਿਕ ਦੁੱਖਾਂ ਦੀ ਲੰਮੀ ਕਹਾਣੀ ਹੈ। ਵਾਸਤਵ ਵਿਚ ਇਹ ਬਹੁਤ ਕਰੜਾ ਸੰਘਰਸ਼ ਹੈ। ਕਰਮ ਵਿਚ ਆਸਥਾ ਰੱਖਦਾ ਹੋਇਆ ਕਰਤਾਰ ਸਿੰਘ ਕਾਲੜਾ ਲੈਕਚਰਾਰ, ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫ਼ਸਰ ਬਣਦਾ ਹੋਇਆ ਡਿਪਟੀ-ਡਾਇਰੈਕਟਰ ਦੇ ਤੌਰ ਤੇ ਰਿਟਾਇਰਮੈਂਟ ਲੈਂਦਾ ਹੈ। ਪਿਤਾ ਜੀ ਦੀ ਬੇ-ਰੁਖੀ ਦਾ ਸੰਕੇਤ ਵੀ ਦਿੰਦਾ ਹੈ, ਪਰੰਤੂ ਆਪਣੀ ਸੰਤਾਨ ਨੂੰ ਹਰ ਪੱਖੋਂ ਸਮਰਥ ਹੋ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣ ਲਈ ਅਗਵਾਈ ਦਿੰਦਾ ਹੈ। ਬੇ-ਘਰ ਤੇ ਬੇ-ਆਸਰਾ ਹੋਇਆ, ਸਖ਼ਤ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਮਿੱਤਰਾਂ ਨਾਲ ਮਿੱਤਰਤਾ ਪਾਲਦਾ ਹੈ।

ਕਾਲੜਾ ਅਫ਼ਸਰੀ ਦੀ ਉਚੀ ਕੁਰਸੀ 'ਤੇ ਬੈਠਣ ਤੋਂ ਪਹਿਲਾਂ ਆਮ ਆਦਮੀ ਹੈ। ਸੀਨੀਅਰ ਅਧਿਕਾਰੀ ਵਜੋਂ ਰਿਟਾਇਰ ਹੋ ਕੇ ਪ੍ਰੋ. ਪ੍ਰੀਤਮ ਸਿੰਘ ਦੇ ਜ਼ੋਰ ਦੇਣ 'ਤੇ, ਆਤਮ-ਕਥਾ ਲਿਖਦਾ ਹੈ, ਉਸ ਦਾ ਵਿਅਕਤਿਤਵ ਸਾਧਾਰਣ ਇਨਸਾਨ ਵਾਲਾ ਹੀ ਕਾਇਮ ਰਹਿੰਦਾ ਹੈ।

ਪਾਰਖੂ ਆਲੋਚਕ ਅਤੇ ਪ੍ਰੋਫੈਸਰਾਂ ਦੇ ਪ੍ਰੋਫੈਸਰ, ਪ੍ਰੋ. ਪ੍ਰੀਤਮ ਸਿੰਘ, ਸਿੱਟਾ ਕੱਢਦੇ ਹਨ, ''ਇਹ ਕਿਤਾਬ ਜੀਵਨੀ ਸਾਹਿਤ ਦੇ ਖੇਤਰ ਵਿਚ ਏਨਾ ਕਦਰਯੋਗ ਵਾਧਾ ਹੈ ਕਿ ਛੇਤੀ ਹੀ ਇਸ ਦੇ ਅਨੁਵਾਦ ਹੋਰ ਬੋਲੀਆਂ ਵਿਚ ਹੋ ਜਾਣ ਦੀ ਆਸ ਹੈ।...ਨਿੱਕੀਆਂ-ਵੱਡੀਆਂ ਘਟਨਾਵਾਂ ਤੇ ਨਿੱਕੇ-ਵੱਡੇ ਵਿਲੱਖਣ ਪਾਤਰਾਂ ਦੀ ਰੌਚਕ ਪੇਸ਼ਕਾਰੀ ਹਰ ਭਾਸ਼ਾ ਦੇ ਪਾਠਕ ਨੂੰ ਦਿਲਚਸਪ ਲੱਗੇਗੀ।''

ਨਿਰਸੰਦੇਹ 'ਪੈਰਾਂ ਦੀ ਪਵਾਜ਼' ਵਿਚ ਪਾਠਕਾਂ ਦੀ ਦਿਲਚਸਪੀ ਅਤੇ ਸੁਹਜ ਰਸ ਲਈ ਮਿਕਨਾਤੀਸੀ ਖਿੱਚ ਹੈ।

ਪ੍ਰਸਿੱਧ ਸਾਹਿਤ ਆਲੋਚਕ, ਵਿਦਵਾਨ ਅਤੇ ਸਾਹਿਤਕ ਇਤਿਹਾਸਕਾਰ ਪ੍ਰੋ. ਕਿਰਪਾਲ ਸਿੰਘ ਕਸੇਲ 'ਪੈਰਾਂ ਦੀ ਪਰਵਾਜ਼' ਨੂੰ ਇਕ ਅਦੁਤੀ ਸਵੈ-ਜੀਵਨੀ ਵਜੋਂ ਮਾਨਤਾ ਦਿੰਦਾ ਹੋਏ ਆਪਣੇ ਵਿਚਾਰ ਤੇ ਪ੍ਰਭਾਵ ਇਸ ਪ੍ਰਕਾਰ ਦਿੰਦੇ ਹਨ :

''ਕਾਲੜਾ ਜੀ ਨੇ ਆਪਣੇ ਸਾਰੇ ਜੀਵਨ ਵਿਚ ਜਬਰਦਸਤ ਸੰਘਰਸ਼ ਕੀਤਾਹੈ। ... ਉਨ੍ਹਾਂ ਦੀ ਆਤਮ-ਸਾਧਨਾ, ਸਵੈ-ਵਿਸ਼ਵਾਸ ਅਤੇ ਸੁਤੰਤਰ ਸੋਚਣੀ ਨੇ ਉਨ੍ਹਾਂ ਨੂੰ ਇਕ ਸੁਦ੍ਰਿੜ ਵਿਅਕਤਿਤਵ ਦੀ ਦਾਤ ਬਖਸ਼ੀ ਹੈ।



ਮਾਨਵਵਾਦੀ ਆਦਰਸ਼ਾਂ ਨਾਲ ਭਰਪੂਰ ਜੀਵਨ ਝਲਕਾਰੇ ਉਸਦੀ ਸ੍ਵੈ-ਜੀਵਨੀ ਵਿਚ ਵਿਦਮਾਨ ਹਨ। ਇਹ ਸ੍ਵੈ-ਜੀਵਨੀ ਪ੍ਰਮਾਣਿਕ ਇਤਿਹਾਸਕ ਤੇ ਸਾਂਸਕ੍ਰਿਤਕ ਦਸਤਾਵੇਜ਼ ਹੋ ਨਿਬੜਦੀ ਹੈ।''

ਉਪਰੋਕਤ ਸਿੱਟਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਸਾਡਾ ਵਿਚਾਰ ਇਹ ਹੈ ਕਿ ਇਹ ਰਚਨਾ ਆਮ ਇਨਸਾਨ ਦੀ ਖ਼ਾਸ ਵਾਰਤਕ ਰਚਨਾ ਹੈ। ਪੜ੍ਹਨ ਤੇ ਪੜ੍ਹਾਉਣਯੋਗ ਸਾਹਿਤਕ ਕ੍ਰਿਤ ਹੈ। ਪੁਸਤਕ ਦੀ ਉਪਯੋਗਤਾ ਨੂੰ ਵਧਾਉਣ ਹਿੱਤ ਇਸ ਦੇ ਅੰਤ ਵਿਚ ਗਿਆਨ ਭਰਪੂਰ ਸੱਤ ਅੰਤਕਾਵਾਂ ਵੀ ਹਨ। ਜਿਨ੍ਹਾਂ ਤੋਂ ਕਾਲੜਾ ਜੀ ਦੀ ਸ਼ਖ਼ਸੀਅਤ, ਸਾਹਿਤ ਸੇਵਾ, ਗ਼ਜ਼ਲਗੋਈ ਤੋਂ ਉਪਰੰਤ ਖ਼ਾਨਦਾਨ ਦਾ ਕੁਰਸੀਨਾਮਾ ਵੀ ਦਰਜ ਹੈ। ਸਤਵੀਂ ਅੰਤਕਾ ਪੁਸ਼ਤੈਨੀ ਇਲਾਕੇ (ਸਾਂਦਲ ਬਾਰ) ਦੀ ਰੂਪ ਰੇਖਾ ਦਾ ਨਕਸ਼ਾ ਪ੍ਰਸਤੁਤ ਕਰਦੀ ਹੈ। ਇਹ ਨਵੀਨ ਤੇ ਗੰਭੀਰ ਉੱਦਮ ਨਿਰਸੰਦੇਹ ਪੁਸਤਕ ਦੀ ਸਫ਼ਲਤਾ ਵਿਚ ਕਾਲ ਅਤੇ ਦੇਸ਼ ਦੀ ਦ੍ਰਿਸ਼ਟੀ ਤੋਂ ਸਾਰਥਿਕ ਵਾਧਾ ਕਰਦਾ ਹੈ।

ਵਿਸ਼ਾ ਲੇਖਕ ਦਾ ਆਪਾ ਅਤੇ ਜੀਵਨ ਸੰਘਰਸ਼ ਹੈ। ਜਿਥੋਂ ਤੱਕ ਰੂਪ ਦਾ ਪ੍ਰਸ਼ਨ ਹੈ, ''ਪੈਰਾਂ ਦੀ ਪਰਵਾਜ਼'' ਪੰਜਾਬੀ ਦੀਆਂ ਉੱਤਮ ਦਰਜੇ ਦੀਆਂ ਆਤਮ ਕਥਾਵਾਂ/ਸਵੈ-ਜੀਵਨੀਆਂ ਦੀ ਸ਼੍ਰੇਣੀ ਵਿਚ ਰੱਖੀ ਜਾ ਸਕਦੀ ਹੈ।

ਰੂਪ ਦੀ ਦ੍ਰਿਸ਼ਟੀ ਤੋਂ ਇਸ ਵਿਚ ਵਿਦੇਸ਼ੀ ਯਾਤਰਾ ਦਾ ਅਨੁਭਵ ਸਫ਼ਰਨਾਮੇ ਦਾ ਰੰਗ ਤੇ ਰਸ ਪ੍ਰਦਾਨ ਕਰਦਾ ਹੈ। ਸਾਡੀ ਦ੍ਰਿਸ਼ਟੀ ਤੋਂ ਇਸ ਸਫ਼ਲ ਵਾਰਤਕ ਸ਼ੈਲੀ ਦੇ ਲਗਭਗ ਸਾਰੇ ਗੁਣ ਮੌਜੂਦ ਹਨ। ਲਿਖਣ ਢੰਗ ਗੱਲਬਾਤੀ ਹੈ, ਜੋ ਦਿਲ ਨੂੰ ਕੀਲਦਾ ਅਤੇ ਬੁੱਧੀ ਨੂੰ ਅਪੀਲਦਾ ਹੈ। ਉਸ ਦੀ ਕਰੁਣਾ ਕਥਾ ਹਰ ਦਿਲ ਵਿਚ ਦਰਦ ਜਗਾਉਂਦੀ ਹੈ। ਕਾਲੜਾ ਦੀ ਸ਼ੈਲੀ ਵਿਚ ਸੁਹਿਰਦਤਾ, ਸਪੱਸ਼ਟਤਾ, ਸਾਰਥਕਤਾ ਤੋਂ ਉਪਰੰਤ ਭਾਸ਼ਾ-ਚੇਤਨਾ ਦਾ ਵਿਸ਼ੇਸ਼ ਗੁਣ ਹੈ। ਬੋਲੀ ਵਿਚ ਲਹਿੰਦੇ ਪੰਜਾਬ ਦਾ ਮਿੱਸਾਪਣ ਤੇ ਸ਼ਬਦਾਵਲੀ ਵਿਚ ਟਕਸਾਲੀਨਤਾ ਹੈ। ਨਿਰਸੰਦੇਹ ਉਤਮ ਕਿਰਤ ਹੈ।

ਪੁਸਤਕ ਦਾ ਨਾਮਕਰਣ ਇਹ ਪ੍ਰਮਾਣ ਦਿੰਦਾ ਹੈ ਕਿ ਲੇਖਕ ਪੁਸਤਕ ਦੇ ਵਿਸ਼ਾ-ਵਸਤੂ ਤੋਂ ਉਪਰੰਤ ਉਦੇਸ਼ ਦੇ ਮਹੱਤਵ ਤੋਂ ਜਾਗਰੂਕ ਹੈ। ਜਦੋਂ ਜੀਵਨ-ਪੱਧਰ ਦੀਆਂ ਮੁਸ਼ਕਲਾਂ ਪੈਰ-ਪੈਰ ਤੇ ਰਾਹ ਰੋਕਣ ਤਾਂ ਸਵੈ-ਵਿਸ਼ਵਾਸ

ਅਤੇ ਨਿਸ਼ਚੈ ਦੀ ਦ੍ਰਿੜਤਾ ਤੋਰ ਨੂੰ ਸ਼ਕਤੀ ਦਿੰਦੀ ਹੈ। ਮੰਜ਼ਿਲ ਤਾਂ ਹਮੇਸ਼ਾਂ ਦੂਰ ਹੀ ਹੁੰਦੀ ਹੈ, ਪਰੰਤੂ ਦ੍ਰਿੜਤਾ ਤੇ ਗੰਭੀਰਤਾ ਨਾਲ ਆਪਣਾ ਰਸਤਾ ਤੈਅ ਕਰਨ ਲਈ ਉਡਾਰੀ ਮਾਰਦਾ ਹੈ। ਪੁਸਤਕ ਦਾ ਨਾਮ ਸੰਕੇਤਕ ਤੇ ਸੁਝਾਊ ਹੈ। ਇਸ ਵਿਚ ਕਾਵਿਕ ਨਾਟਕੀਅਤਾ ਅਤੇ ਸੂਖਮ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਗਈ ਹੈ।

ਜਦੋਂ ਉਹ ਆ ਖੜੇ ਸਿਰ 'ਤੇ, ਬੜੇ ਸੌਖੇ ਸੀ ਸਾਹ ਨਿਕਲੇ !
ਅਸਾਡੀ ਜਾਨ ਦੇ ਦੁਸ਼ਮਨ ਹੀ ਆਖ਼ਿਰ ਖ਼ੈਰਖਾਹ ਨਿਕਲੇ !